ਲਾਈ ੧੯੮੫
੨/੫੦

# ਵਰਿਆਮ



ਕਲਪਿਤ 'ਤੇ ਕੰਦਿਆਲਾ ਚਿਹਰਾ ਨੂਰ ਦਾ
ਬੰਦੇ ਦੀ ਬੇਸਮਝੀ ਉਤੇ ਝੂਰਦਾ

—ਸੁਖਵੰਤ

Sri Satguru Jagjit Singh Ji eLibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਭਰਪੂਰ ਤੰਦਰੁਸਤੀ ਅਤੇ ਸੁਆਦ ਲਈ ਵਰਤੋ:
ਸਵੈਚਾਲਤ ਜਰਮਨ ਮਸ਼ੀਨਾਂ ਦੁਆਰਾ ਤਿਆਰ ਕੀਤੇ ਗਏ
ਹੈਦਰਾਬਾਦ ਦੇ ਮਸ਼ਹੂਰ ਭੁਰਭੁਰੇ ਅਤੇ ਸੁਆਦਲੇ

# ਅਸ਼ੋਕਾ ਬਿਸਕੁਟ




ਵਪਾਰਕ ਜਾਣਕਾਰੀ ਲਈ ਸੰਪਰਕ:

PHONES 565695
212667

**THE ASOKA BISCUIT WORKS**
**HYDERABAD (A.P.)**

ਨਿਰਮਾਤਾ: ਦੀ ਅਸ਼ੋਕਾ ਬਿਸਕੁਟ ਵਰਕਸ ਹੈਦਰਾਬਾਦ (ਏ.ਪੀ.)



Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਵਰਿਆਮ ਜੁਲਾਈ ੧੯੮੫

ਜਿਲਦ ੧੦ ਅੰਕ ੬

ਸੰਪਾਦਕ : ਜਗਦੀਸ਼ ਸਿੰਘ

## ਸੰਪਾਦਕੀ

ਇਸ ਵਾਰ ਅਸੀਂ ਵਰਿਆਮ ਦੇ ਸੁਹਿਰਦ ਪਾਠਕਾਂ ਨੂੰ ਜਸਵੰਤ ਸਿੰਘ ਵਿਰਦੀ ਦਾ ਨਵਾਂ ਨਾਟਕ 'ਸੁਣੋ ਸਰਸਵਤੀ' ਭੇਟਾ ਕਰ ਰਹੇ ਹਾਂ। ਵਿਰਦੀ ਜੀ ਨੇ ਆਪਣਾ ਇਹ ਨਾਟਕ ਪੁਰਾਣ ਕਥਾਵਾਂ ਦੇ ਆਧਾਰ ਤੇ ਲਿਖਿਆ ਹੈ। ਅਜਿਹਾ ਹੀ ਇਕ ਹੋਰ ਨਾਟਕ 'ਵਿਸ਼ਵਕਰਮਾ' ਅਸੀਂ ਦੋ ਵਰ੍ਹੇ ਪਹਿਲਾਂ ਆਪਣੇ ਪਾਠਕਾਂ ਦੀ ਭੇਟਾ ਕੀਤਾ ਸੀ। ਉਮੀਦ ਹੈ ਕਿ ਸਾਡੇ ਸੁਹਿਰਦ ਪਾਠਕ ਵਿਰਦੀ ਜੀ ਦੇ ਇਸ ਨਾਟਕ ਨੂੰ ਵੀ ਬੜੀ ਦਿਲਚਸਪੀ ਨਾਲ ਪੜ੍ਹਨਗੇ।

ਪਿਛਲੇ ਤਿੰਨ ਵਰ੍ਹਿਆਂ ਤੋਂ ਪੰਜਾਬ ਦੇ ਹਾਲਾਤ ਸੁਖਾਵੇਂ ਨਹੀਂ ਰਹੇ। ਵਿਨਾਸ਼ਕਾਰੀ ਸ਼ਕਤੀਆਂ ਨੇ ਹੌਲੀ ਹੌਲੀ ਆਪਣੀ ਤਾਕਤ ਦਾ ਸ਼ਿਕੰਜਾ ਕਸਣਾ ਸ਼ੁਰੂ ਕਰ ਦਿਤਾ ਹੈ ਜਿਸ ਕਰਕੇ ਸਭ ਹੀ ਲੋਕ ਸਾਹ ਘੁਟ ਹੁੰਦਾ ਮਹਿਸੂਸ ਕਰ ਰਹੇ ਹਨ। ਪਰ ਪੰਜਾਬ ਦੇ ਆਮ ਕਿਰਤੀ ਆਦਮੀ ਨੂੰ ਸਭ ਤੋਂ ਵਧ ਦਾਅ ਲਗਾ ਹੈ, ਕਿਉਂਕਿ ਉਸ ਵਾਸਤੇ ਰੁਜ਼ਗਾਰ ਦੇ ਸਾਧਨ ਦਿਨੋਂ ਦਿਨ ਸੀਮਤ ਹੁੰਦੇ ਜਾ ਰਹੇ ਹਨ। ਕਾਰਖਾਨੇ ਬੰਦ ਹੋ ਰਹੇ ਹਨ, ਅਤੇ ਕੀਮਤਾਂ ਦਿਨੋਂ ਦਿਨ ਆਕਾਸ਼ ਵਲ ਨੂੰ ਵਧਦੀਆਂ ਜਾ ਰਹੀਆਂ ਹਨ। ਆਮ ਆਦਮੀ ਬਹੁਤ ਦੁਖੀ ਹੈ।

ਵਰਿਆਮ ਨੇ ਸਦਾ ਹੀ ਦੇਸ਼ ਦੇ ਉਸਾਰੂ ਸੋਚ ਵਾਲੇ ਲੋਕਾਂ ਦਾ ਸਾਥ ਦਿਤਾ ਹੈ। ਇਹ ਵਰਿਆਮ ਦੀ ਪਾਲਿਸੀ ਹੈ। ਅਗਲੇਰੇ ਸਮੇਂ ਵਿਚ ਵੀ ਵਰਿਆਮ ਇਸੇ ਤਰ੍ਹਾਂ ਹੀ ਆਪਣੀ ਉਸਾਰੂ ਭੂਮਿਕਾ ਨਿਭਾਂਦਾ ਰਹੇਗਾ। ਦੇਸ਼ ਦੇ ਲੋਕਾਂ ਵਿਚ ਸਦਭਾਵਨਾ ਪੈਦਾ ਕਰਨੀ ਅਤੇ ਮਾਰਧਾੜ ਦੇ ਕੰਮ ਵਲੋਂ ਉਨ੍ਹਾਂ ਨੂੰ ਹੋੜਨਾ। ਇਹ ਇਸ ਵੇਲੇ ਦੇਸ਼ ਦੇ ਲੋਕਾਂ ਸਾਹਮਣੇ ਸਭ ਤੋਂ ਵੱਡਾ ਮੰਤਵ ਹੋਣਾ ਚਾਹੀਦਾ ਹੈ।

ਅਜ ਦੇ ਬੇਦਰਦ ਮਾਹੌਲ ਵਿਚ ਲੇਖਕ ਤੇ ਕਲਾਕਾਰ ਸਾਹਮਣੇ ਬਹੁਤ ਵੱਡਾ ਕੰਮ ਇਹ ਹੈ ਕਿ ਉਹ ਆਪਣੀ ਕਲਾ ਨਾਲ ਲੋਕਾਂ ਨੂੰ ਵਿਨਾਸ਼ਕਾਰੀ ਸ਼ਕਤੀਆਂ ਪ੍ਰਤਿ ਸੁਚੇਤ ਕਰੇ, ਅਤੇ ਨਾਲ ਹੀ ਇਹ ਵੀ ਪ੍ਰੇਰਣਾ ਦੇਵੇ ਕਿ ਲੋਕ ਉਨ੍ਹਾਂ ਵਿਨਾਸ਼ਕਾਰੀ ਸ਼ਕਤੀਆਂ ਨੂੰ ਅਲਗ-ਥਲਗ ਕਰਕੇ ਵਿਕਸਿਤ ਹੋਣ ਤੋਂ ਰੋਕਣ। ਇਹ ਅਜ ਦੇ ਲੇਖਕ ਸਾਹਮਣੇ ਬਹੁਤ ਵੱਡਾ ਕੰਮ ਹੈ। ਪਰ ਜਿਵੇਂ ਕਿ ਕਹਾਵਤ ਵੀ ਹੈ—ਲੇਖਕ ਤੇ ਕਲਾਕਾਰ ਦਾ ਕੱਦਬੁਤ ਜ਼ਮਾਨੇ ਨਾਲੋਂ ਬਹੁਤ ਵੱਡਾ ਹੁੰਦਾ ਹੈ।...ਅਜ ਦਾ ਲੇਖਕ ਆਪਣੇ ਕਰਤੱਵ ਪ੍ਰਤਿ ਸੁਚੇਤ ਹੈ, ਤੇ ਆਪਣੀ ਉਸਾਰੂ ਭੂਮਿਕਾ ਨਿਭਾ ਰਿਹਾ ਹੈ।

ਨਾਟਕ 'ਸੁਣੋ ਸਰਸਵਤੀ' ਨੂੰ ਪਾਠਕਾਂ ਸਾਹਮਣੇ ਪੇਸ਼ ਕਰਦਿਆਂ ਹੋਇਆਂ ਸਾਨੂੰ ਖੁਸ਼ੀ ਮਹਿਸੂਸ ਹੋ ਰਹੀ ਹੈ। ਕਿਉਂਕਿ ਇਹ ਨਾਟਕ ਸਦਭਾਵਨਾ ਪੈਦਾ ਕਰਦਾ ਅਤੇ ਵਿਨਾਸ਼ ਦੇ ਵਿਰੋਧ ਵਿਚ ਡਟਣ ਦੀ ਸ਼ਕਤੀ ਦਿੰਦਾ ਹੈ। ਅਜ ਸਾਨੂੰ ਅਜਿਹੇ ਬਹੁਤ ਸਾਰੇ ਸਾਹਿਤ ਦੀ ਲੋੜ ਹੈ। ਅਸੀਂ ਹੋਰ ਲੇਖਕਾਂ ਨੂੰ ਵੀ ਸੱਦਾ ਦਿੰਦੇ ਹਾਂ ਕਿ ਉਹ ਵਰਿਆਮ ਵਾਸਤੇ ਅਜਿਹੀਆਂ ਹੀ ਰਚਨਾਵਾਂ ਭੇਜਣ। ਅਸੀਂ ਸੁਆਗਤ ਕਰਾਂਗੇ।

—ਜਗਦੀਸ਼ ਸਿੰਘ

## ਵਰਿਆਮ ਦੇ ਦਰ

| | | |
|---|---|---|
| ਇਕ ਪ੍ਰਤੀ | | ੨-੫੦ ਰੁਪਏ |
| ਸਾਲਾਨਾ ਚੰਦਾ | | ੨੫-੦੦ ਰੁਪਏ |
| ਤਿੰਨ ਸਾਲ ਵਾਸਤੇ | | ੬੫-੦੦ ,, |
| ਪੰਜ ਸਾਲ ਵਾਸਤੇ | | ੧੦੦-੦੦ ,, |
| ਲਾਈਫ ਮੈਂਬਰ | | ੩੦੦-੦੦ ,, |
| ਬਾਈਲੈਂਡ : | ਹਵਾਈ ਡਾਕ | ੨੦੦-੦੦ ,, |
| | ਸਮੁੰਦਰੀ | ੬੦-੦੦ ,, |
| ਅਰਬ-ਅਫਰੀਕਾ ਤੇ ਯੂਰਪ | ਹਵਾਈ ਡਾਕ | ੨੫੦-੦੦ ,, |
| | ਸਮੁੰਦਰੀ | ੭੫-੦੦ ,, |
| ਅਮਰੀਕਾ : ਕੈਨੇਡਾ : | ਹਵਾਈ ਡਾਕ | ੩੦੦-੦੦ ,, |
| | ਸਮੁੰਦਰੀ ਡਾਕ | ੭੫-੦੦ ,, |

ਦਫਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
(ਨੇੜੇ ਮਦਨ ਫਲੋਰ ਮਿਲ)
ਜਲੰਧਰ-੧੪੪੦੦੧
ਫੋਨ : ੭੧੨੦੮ ਪੀ. ਪੀ.

Office Address
Monthly WARIAM
(Punjabi)
Ladowali Road
(Near Madan Flour Mill
Jalandhar-144001
Phone 71208 PP

### ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਡਿਰੈਕਟਰ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩/੧-੭੭-ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

Sri Satguru Jagjit Singh Ji eLibrary NamdhariElibrary@gmail.com

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machinery



CONCRETE MIXER 10/7 CFT



CONCETE MIXER 7/5

Manufacturers of

- **Concrete Mixers of all Sizes**
- **Pan Mixers**
- **Vibrators of all Types**
- **Tower Hoists**
- **Hydraulic Press**
- **Spare Parts of all Makes Concrete Mixers**

Phones : Office : 529033
Factory : 501973
Resi. : 536093

# BALWANT SINGH & SONS

Office : 4E/11 JHANDEWALA EXTN. NEW DELHI 110055

Factory : A 2/3, MAYA PURI, PHASE II Opp. C-70 NEW DELHI-110064

Sri Satguru Jagjit Singh Ji eLibrary NamdhariElibrary@gmail.com

HIGH CLASS GUN MANUFACTURERS

AND

REPAIRERS

# FREE INDIA GUN MANUFACTURERS

(Industrial Estate, Extention Area, Jammu Cantt.)

Phone No. 42452



(SINGLE BARREL OR DOUBLE BARREL) 12 Bore Guns

## Once Purchased Ever Purchased

AS

BEST QUALITY OF THE DAY

IS

OUR MOTTO

IN NEED CONTACT US FOR BARGAIN

WITH FULL CONFIDENCE



Sri Satguru Jagjit Singh Ji eLibrary NamdhariElibrary@gmail.com

REPUTED MANUFACTURERS OF:

SUPERIOR QUALITY

SINGLE BARREL &

DOUBLE BARREL

B. L. 12 BORE

# GUNS

Grams : SNIPER Phone : 3805

## MODERN GUN WORKS

**Opp. Industrial Estate,**
**JAMMU CANTT.**

With best compliments from :-

## *NAMDHARI BROTHERS*

Prop. S AJIT SINGH
*Main Bazar, DALTONGANJ (Bihar)*
Dealers : KIRLOSKAR DIESEL ENGINE P. S. G ELECTRIC MOTORS. ELECTRICAL APPLIANCES STAINLESS STEEL PARTS, PRESSURE COOKERS AND AGRICULTURAL IMPLIMENTS

WITH BEST COMPLIMENTS FROM :

## *New Namdhari Cloth House*

WHOLE SALE CLOTH DEALERS

*Main Bazar DALTONGANJ (Bihar)*



Sri Satguru Jagjit Singh Ji eLibrary NamdhariElibrary@gmail.com

WITH

BEST

COMPLIMENTS

FROM

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

## ਅੰਬਰ ਫੂਡਜ਼

ਹੈਦਰਾਬਾਦ

# AMBER FOODS

**Amber pet HYDERABAD**

**(A.P.)**



Sri Satguru Jagjit Singh Ji eLibrary NamdhariElibrary@gmail.com

# JANTA
## HYDRAULIC PRESSES

- Known for trouble free service
- More out put with less cost
- Satisfaction guaranteed
- Easy to operate
- Simple to maintain



FOR GENERAL MOULDED RUBBER GOODS



DOWN STROKE HEAVY DUTY for Harrow Discs, Rim Plates & Brake Linnings



FOR VULCANIZING OF CONVEYOR & TRANSMISSION BELTINGS



FOR STRAIGHTENING BENDING, PRESSING & FASTENING

JEW

**JANTA ENGINEERING WORKS**
G.T. ROAD, P.O. MOHAN NAGAR,
RAJINDER NAGAR, INDUSTRIAL AREA
GHAZIABAD (INDIA)
PHONE : 201286 (CONNECTED WITH DELHI)




Sri Satguru Jagjit Singh Ji eLibrary NamdhariElibrary@gmail.com

ੴ ਫੋਨ : 2737

## ਖੁਸ਼ਖਬਰੀ

ਕਾਰਾਂ, ਟਰੈਕਟਰਾਂ ਤੇ ਟਰੱਕਾਂ ਦੇ ਇੰਜਣਾਂ ਦੀ ਵਧੀਆ ਬਲਾਕ ਬੋਰਿੰਗ, ਕਰੈਂਕ ਗ੍ਰਾਂਈਡਿੰਗ ਤੇ ਹੈਡ ਸੀਟ ਫਿਟਿੰਗ ਦਾ ਕੰਮ ਤਸੱਲੀ ਬਖਸ਼ ਹੁੰਦਾ ਹੈ।



ਬੋਰਿੰਗ ਮਸ਼ੀਨ

ਇਸ ਤੋਂ ਇਲਾਵਾ ਬੁਲਡੋਜ਼ਰਾਂ, ਕੋਲਡ ਸਟੋਰਾਂ ਦੇ ਕੰਪਰੈਸਰਾਂ, ਜੈਨਰੇਟਰਾਂ ਅਤੇ ਵੱਡੇ ਵੱਡੇ ਹਰ ਪ੍ਰਕਾਰ ਦੇ ਇੰਜਨਾਂ ਦਾ ਕੰਮ ਬਿਲਕੁਲ ਠੀਕ ਠੀਕ ਤੇ ਵਧੀਆ ਕੀਤਾ ਜਾਂਦਾ ਹੈ।

★ ਬੋਰਿੰਗ, ਗ੍ਰਾਈਂਡਿੰਗ ਆਦਿ ਦਾ ਕੰਮ ਵਿਦੇਸ਼ਾਂ ਤੋਂ ਮੰਗਵਾਈਆਂ ਸਪੈਸ਼ਲ ਮਸ਼ੀਨਾਂ ਉਤੇ ਕੀਤਾ ਜਾਂਦਾ ਹੈ।

★ ਮਰਸਡੀਜ਼ ਟਰੱਕ ਲੈ ਕੇ ਆਓ ਅਤੇ ਕੇਵਲ ਚਾਰ ਦਿਨਾਂ ਵਿਚ ਓਵਰਹਾਲ ਕਰਾ ਕੇ ਵਾਪਸ ਲੈ ਜਾਓ।

★ ਕੁਸ਼ਲ ਮਕੈਨਿਕ ਅਤੇ ਹੋਰ ਪਰਬੰਧ ਮੁਕੰਮਲ ਹੈ।

★ ਸਾਡੇ ਪਾਸ ਆਪਣਾ ਜੈਨਰੇਟਰ ਸੈਟ ਵੀ ਹੈ। ਜਿਸ ਨਾਲ ਬਿਜਲੀ ਬੰਦ ਹੋਣ ਤੇ ਵੀ ਕੰਮ ਚਲਦਾ ਰਹਿੰਦਾ ਹੈ ਤੇ ਕੋਈ ਵਿਲ ਨਹੀਂ ਆਉਂਦੀ।

ਨੈਸ਼ਨਲ ਆਟੋ ਇੰਜੀਨੀਅਰਿੰਗ ਵਰਕਸ

ਪ੍ਰੋ: ਲਛਮਣ ਸਿੰਘ ਨਾਮਧਾਰੀ

10, ਇੰਡਸਟ੍ਰੀਅਲ ਏਰੀਆ, ਬਠਿੰਡਾ।

ਤਤੁ ਬੀਚਾਰੁ ਯਹੈ ਮਥੁਰਾ
ਜਗ ਤਾਰਨ ਕਉ ਅਵਤਾਰੁ ਬਨਾਯਉ ॥
ਜਪ੍ਯਉ ਜਿਨ੍ ਅਰਜੁਨ ਦੇਵ ਗੁਰੂ,
ਫਿਰਿ ਸੰਕਟ ਜੋਨਿ ਗਰਭ ਨ ਆਯਉ ॥

ਫੋਨ : ੭੨੮੬੯
੭੪੭੩੦

## ਨਾਮਧਾਰੀ ਟੈਂਟ ਹਾਊਸ

## ਹਮੀਦੀਆ ਰੋਡ

## ਭੋਪਾਲ (ਮ: ਪ੍ਰ:)



Sri Satguru Jagjit Singh Ji eLibrary NamdhariElibrary@gmail.com

## ਟਰੱਕਾਂ ਦੀਆਂ ਬਾਡੀਆਂ

ਹਰ ਪ੍ਰਕਾਰ ਦੇ ਟਰਕਾਂ ਦੀਆਂ ਅਤਿ ਮਜ਼ਬੂਤ ਪਾਏਦਾਰ ਅਤੇ ਬਹੁਤ ਖ਼ੂਬਸੂਰਤ ਬਾਡੀਆਂ ਬਨਾਉਣ ਦੇ ਮਾਹਿਰ

**ਪਰਤਾਪ ਬਾਡੀ ਬਿਲਡਰਜ਼**
**51–ਗੁਲਾਬੀ ਬਾਗ**
**ਦਿਲੀ–110007**

ਮਾਲਕ : ਸੰਤ ਸਾਧਾ ਸਿੰਘ ਮੁਹਾਰਾਂ ਵਾਲੇ

ਫੋਨ ਨੰ: 519808



FOR HIGH CLASS BODY BUILDING
OF
BUSES, TRUCKS, METADORS ETC.
AND
THEIR ALL KINDS OF REPAIRS

R E M E M B E R

**Akal Steel Fabricators (Regd)**

Manufacturers of all kinds of :
Steel Furniture and General Order Suppliers

18-Phase II Industrial Extension Area
GANGYAL JAMMU


## ਇਕ ਬੇਨਤੀ

ਵਰਿਆਮ ਦੇ ਬਕਾਏ ਚੰਦਿਆਂ ਦੀ ਇਕ ਤਫ਼ਸੀਲ ਰਾਹੀਂ ਪਾਠਕਾਂ ਵਲ ਬਕਾਇਆ ਹੈ। ਅਸੀਂ ਸਭ ਨੂੰ ਇਸ ਸੰਬੰਧੀ ਕਾਰਡ ਪਾ ਦਿਤੇ ਹਨ। ਅਗੋਂ ਵਰਿਆਮ ਤਦ ਹੀ ਭੇਜਿਆ ਜਾਵੇਗਾ ਜੇਕਰ ਪਿਛਲੇ ਚੰਦੇ ਛੇਤੀ ਭੇਜਣ। ਇਸ ਮਹਿੰਗਾਈ ਦੇ ਸਮੇਂ ਵਿਚ ਜਦੋਂ ਕੀਮਤਾਂ ਅਸਮਾਨ ਛੂ ਰਹੀਆਂ ਹਨ ਚਾਹੀਦਾ ਤਾਂ ਇਹ ਹੈ ਕਿ ਵਰਿਆਮ ਦੀ ਹਰ ਪਰਕਾਰ ਸਹਾਇਤਾ ਕੀਤੀ ਜਾਵੇ ਇਸ਼ਤਿਹਾਰਾਂ ਰਾਹੀਂ, ਮਾਇਕ ਸਹਿਯੋਗ ਰਾਹੀਂ ਅਤੇ ਨਵੇਂ ਗਾਹਕ ਬਣਾਕੇ। ਜੇ ਇਹ ਨਹੀਂ ਹੋ ਸਕਦਾ ਤਾਂ ਘਟ ਘਟ ਆਪਣੇ ਚੰਦੇ ਸਮੇਂ ਸਿਰ ਪਹੁੰਚਾਣੇ ਪਾਠਕਾਂ ਦਾ ਫਰਜ਼ ਬਣਦਾ ਹੈ। ਕਈ ਕਈ ਸਾਲ ਤਕ ਚੰਦੇ ਹੀ ਨਾ ਭੇਜਣੇ ਉਚਿਤ ਨਹੀਂ।

ਵਰਿਆਮ ਪੜ੍ਹਦੇ ਸਮੇਂ ਇਹ ਜ਼ਰੂਰ ਸੋਚਿਆ ਕਰੋ ਕਿ ਤੁਸੀਂ ਵਰਿਆਮ ਵਾਸਤੇ ਕੀ ਕੀਤਾ ਹੈ !



Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਪੁਰਾਣਕ ਨਾਟਕ

# ਸੁਣੋ ਸਰਸਵਤੀ

—ਜਸਵੰਤ ਸਿੰਘ ਵਿਰਦੀ—

### ਨਾਟਕ ਦੇ ਪਾਤਰ

(੧) ਬ੍ਰਹਮਾ ਜੀ—ਪ੍ਰਜਾਪਤੀ
(੨) ਸਰਸਵਤੀ—ਕਲਾਵਾਂ ਦੀ ਦੇਵੀ (ਬ੍ਰਹਮਾ ਜੀ ਦੀ ਪਤਨੀ)
(੩) ਸਵਿਤਾ—ਬ੍ਰਹਮਾ ਜੀ ਦੀ ਪਤਨੀ
(੪) ਦੇਵਤਾ—੧
(੫) ਦੇਵਤਾ—੨
(੬) ਦੇਵਤਾ—੩
(੭) ਗੰਧਰਵ—੧ ]
(੮) ਗੰਧਰਵ—੨ ] ਬੈਕੁੰਠ ਧਾਮ ਦੇ ਗਾਇਕ
(੯) ਔਰਵ—ਭ੍ਰਿਗੂਵੰਸੀ
(੧੦) ਦੁਆਰਪਾਲ
(੧੧) ਹੋਰ ਲੋਕ

ਦ੍ਰਿਸ਼—ਬ੍ਰਹਮਾ-ਨਗਰੀ ਵਿਚ ਮਨੋਮਤੀ ਸਭਾ ਅਤੇ ਬਗੀਚਾ।

ਸਮਾਂ—ਕੋਈ ਵੀ ਹੋ ਸਕਦਾ ਹੈ।

—ਹਿਮਾਲਾ ਦੀ ਪਵਿੱਤਰ ਚੋਟੀ ਸੁਮੇਰ ਪਰਬਤ ਦੇ ਵਿਚਾਲੇ ਬ੍ਰਹਮਾ ਨਗਰੀ ਜਿਥੇ ਬ੍ਰਹਮਾਜੀ ਦਾ ਨਿਵਾਸ-ਸਥਾਨ, ਉਨ੍ਹਾਂ ਦਾ ਪੂਜਾ ਸਥਾਨ ਅਤੇ ਉਨ੍ਹਾਂ ਦੀ ਸਭਾ ਦੇ ਭਵਨ ਸੋਨੇ ਤੇਜ ਨਾਲ ਚਾਨਣ ਭਰਪੂਰ ਨਜ਼ਰ ਆਉਂਦੇ ਹਨ। ਭਵਨਾਂ ਦੇ ਨਾਲ ਲਗਦੇ ਬਾਗ ਬਗੀਚੇ ਅਤੇ ਨਦੀਆਂ ਸਰੋਵਰ ਹਨ।

—ਬ੍ਰਹਮਾਜੀ ਦੇ ਮਨੋਮਤੀ ਭਵਨ ਨਾਲ ਲਗਦੇ ਬਗੀਚੇ ਵਿਚਕਾਰ ਬੈਠਣ ਲਈ ਆਸਣ ਬਣੇ ਹੋਏ ਹਨ। ਆਮ ਤੌਰ ਤੇ ਵਿਹਲ ਦੇ ਸਮੇਂ ਵਿਚ, ਮਨੋਰੰਜਨ ਲਈ ਬ੍ਰਹਮਾਜੀ, ਸਰਸਵਤੀ, ਸਵਿਤਾ ਅਤੇ ਬ੍ਰਹਮਾਜੀ ਦੇ ਮੇਲ-ਮਿਲਾਪ ਵਾਲੇ ਹੋਰ ਲੋਕ ਇਸ ਬਗੀਚੇ ਵਿਚ ਹੀ ਬੈਠਦੇ ਹਨ।

—ਸਵੇਰ ਦਾ ਸਮਾਂ ਹੈ ਅਤੇ ਸਰਸਵਤੀ ਦੇਵੀ ਬਗੀਚੇ ਵਿਚ ਪਿੱਪਲ ਦੇ ਸਾਵੇ ਪੱਤਿਆਂ ਵਾਲੇ ਬਿਰਛ ਥੱਲੇ ਬੈਠੀ ਵੀਣਾ ਵਜਾ ਰਹੀ ਹੈ।

ਪੂਰਬ ਵਲ ਊਸ਼ਾ ਦੀ ਕੁੱਖ ਚੋਂ ਸੂਰਜ ਨੇ ਜਨਮ ਲਿਆ ਤਾਂ ਸੂਰਜ ਦੀਆਂ ਪਹਿਲੀਆਂ ਕਿਰਣਾਂ ਨੇ ਬਗੀਚੇ ਵਿਚ ਪੁਜਕੇ ਸਰਸਵਤੀ ਦੇਵੀ ਦੇ ਦੇਵੀ ਚਿਹਰੇ ਤੇ ਨਿਰਤ ਕਰਨਾ ਸ਼ੁਰੂ ਕਰ ਦਿਤਾ।

ਸਰਸਵਤੀ ਜੀ ਨੂੰ ਵੀਣਾ ਵਜਾਂਦਿਆਂ ਤਕਕੇ ਗੰਧਰਵ-ਲੋਕ ਦੇ ਦੋ ਗੰਧਰਵ ਮਲਕੜੇ ਜਿਹੇ ਬਗੀਚੇ ਵਿਚ ਸਰਸਵਤੀ ਜੀ ਕੋਲ ਪੁਜ ਕੇ ਨਮਸਕਾਰ ਕਰਦੇ ਹਨ।

ਗੰਧਰਵ-੧ : ਦੇਵੀ ਜੀ ਨਮਸਕਾਰ !

(ਸਰਸਵਤੀ ਗੰਧਰਵਾਂ ਵਲ ਧਿਆਨ ਦਿੰਦੀ ਹੈ)

ਗੰਧਰਵ-੨ : ਵਾਹਵਾ ! ਦੇਵੀ ਜੀ ਤੁਸਾਂ ਕਮਾਲ ਕਰ ਦਿਤੇ !
ਤੁਹਾਡੇ ਸੰਗੀਤ ਵਿਚ ਦੈਵੀ ਪ੍ਰਭਾਵ ਹੈ

(ਸਰਸਵਤੀ ਮੁਸਕਰਾ ਕੇ ਗੰਧਰਵਾਂ ਵਲ ਤਕਦੀ ਹੈ)

ਸਰਸਵਤੀ : ਤੁਸੀਂ ਵੀ ਆਪਣਾ ਕੋਈ ਗੀਤ ਸੁਣਾਓ, ਗੰਧਰਵੋ ! ਸੁਣਾਵੋ ਕੋਈ ਗੀਤ ਤੁਸੀਂ ਵੀ !

ਗੰਧਰਵ-੧ : ਜ਼ਰੂਰ ਸੁਣਾਵਾਂਗੇ ਦੇਵੀ ਜੀ...ਪਰ ਹਾਲੇ...?

ਸਰਸਵਤੀ : ਹਾਲੇ ਕੀ...?

ਗੰਧਰਵ-੨ : ਸਾਡਾ ਸੰਗੀਤ ਕੌਣ ਸੁਣੇਗਾ ?

ਸਰਸਵਤੀ : ਮੈਂ ਸੁਣਾਂਗੀ

ਗੰਧਰਵ-੧ : ਦੇਵੀ ਜੀ, ਤੁਹਾਨੂੰ ਤਾਂ ਅਸੀਂ ਬੜੀ ਵਾਰ ਸੁਣਾ ਚੁਕੇ ਹਾਂ...ਪਰ ਲੋਕ ?

ਸਰਸਵਤੀ : ਲੋਕ ਵੀ ਸੁਣ ਲੈਣਗੇ...

(ਗੰਧਰਵ ਖਾਮੋਸ਼ ਰਹਿੰਦੇ ਹਨ)

ਤੁਸੀਂ ਬੋਲਦੇ ਨਹੀਂ ਗੰਧਰਵੋ !
ਕੀ ਗੱਲ ਹੈ ? ਦਸੋ !

ਗੰਧਰਵ-੧ : ਅਸੀਂ ਤੁਹਾਡੇ ਸੰਗੀਤ ਵਿਚ ਵਿਘਨ ਨਹੀਂ ਪਾਉਣਾ ਚਾਹੁੰਦੇ, ਦੇਵੀ ਜੀ।

ਸਰਸਵਤੀ : ਕਿਉਂ ?

ਗੰਧਰਵ-੨ : ਇਸਦੇ ਨਾਲ ਬ੍ਰਹਿਮੰਡ ਵਿਚ ਹਲਚਲ ਮਚ



Sri Satguru Jagjit Singh Ji eLibrary NamdhariElibrary@gmail.com

ਜਾਵੇਗੀ।

ਸਰਸਵਤੀ : ਮੈਂ ਨਹੀਂ ਸਮਝਦੀ ਇਹ ਗੱਲ

ਗੰਧਰਵ-੧ : ਇਹੋ ਹੀ ਗੱਲ ਹੈ ਦੇਵੀ ਜੀ

ਗੰਧਰਵ-੨ : ਅਤੇ ਅਸੀਂ ਚਾਹੁੰਦੇ ਹਾਂ ਕਿ ਦੇਵੀ ਜੀ ਦਾ ਇਹ ਮਧੁਰ ਸੰਗੀਤ ਨਿਰਵਿਘਨ ਗੂੰਜਦਾ ਰਹੇ।

ਸਰਸਵਤੀ : ਪਰ ਇਹਦੇ ਨਾਲ ਤੁਹਾਡੇ ਸੰਗੀਤ ਨੂੰ ਕੀ ਡਰ ਹੈ?

ਗੰਧਰਵ-੨ : ਕੋਈ ਡਰ ਨਹੀਂ ਦੇਵੀ ਜੀ

ਸਰਸਵਤੀ : ਫੇਰ ਤੁਸੀਂ ਲੋਕਾਂ ਦੀ ਗੱਲ ਕਿਉਂ ਕੀਤੀ ਹੈ?

ਗੰਧਰਵ-੨ : ਜੀ, ਅਸੀਂ ਤੇ ਸਭ...

ਸਰਸਵਤੀ : ਕੀ ਲੋਕ ਨਹੀਂ ਸੁਣਨਗੇ, ਤੁਹਾਡੇ ਸੰਗੀਤ ਨੂੰ?

(ਗੰਧਰਵ ਖਾਮੋਸ਼ ਰਹਿੰਦੇ ਹਨ)

ਤੁਸੀਂ ਬੋਲਦੇ ਨਹੀਂ?

ਗੰਧਰਵ-੧ : ਜੀ ਹਾਲੇ ਵਾਤਾਵਰਣ ਠੀਕ ਨਹੀਂ

ਸਰਸਵਤੀ : ਕੀ ਹੋਇਐ ਵਾਤਾਵਰਣ ਨੂੰ?

ਗੰਧਰਵ-੨ : ਲੋਕ ਬੜੇ ਘਬਰਾਏ ਹੋਏ ਨੇ ਦੇਵੀ ਜੀ

ਸਰਸਵਤੀ : ਕੋਈ ਕਾਰਣ...?

(ਗੰਧਰਵ ਫੇਰ ਖਾਮੋਸ਼ ਰਹਿੰਦੇ ਹਨ)

ਕੁਝ ਬੋਲੋ ਤਾਂ ਸਹੀ, ਬੈਕੁੰਠ ਦੇ ਸੰਗੀਤਕਾਰੋ!

ਗੰਧਰਵ-੧ : ਦੇਵੀ ਜੀ, ਅਸੀਂ ਤੇ ਬਸ ਤੁਹਾਡਾ ਸੰਗੀਤ ਸੁਣਨ ਲਈ ਆਏ ਸਾਂ

ਸਰਸਵਤੀ : ਪਰ ਤੁਸੀਂ ਘਬਰਾਏ ਹੋਏ ਕਿਉਂ ਹੋ?

ਗੰਧਰਵ-੨ : ਕੋਈ ਖਾਸ ਕਾਰਣ ਨਹੀਂ ਜੀ

ਸਰਸਵਤੀ : ਇਹਦਾ ਮਤਲਬ ਹੈ ਕਿ ਕੋਈ ਖਾਸ ਕਾਰਣ ਜ਼ਰੂਰ ਹੈ।

ਗੰਧਰਵ-੧ : ਜੀ, ਹਾਂ, ਕਾਰਣ ਤਾਂ ਹੈ ਹੀ...ਪਰ?

ਸਰਸਵਤੀ : ਫੇਰ ਦਸੋ

ਗੰਧਰਵ-੨ : ਦੇਵੀ ਜੀ, ਔਹ ਉੱਤਰ-ਪੱਛਮ ਵਲ ਆਕਾਸ਼ ਵਿਚ ਅੱਗ ਦਾ ਭਾਂਬੜ ਵੇਖਦੇ ਹੋ...?

(ਅਚਾਨਕ ਹੀ ਆਸ਼ਰਮ ਦੇ ਇਕ ਕੋਨੇ ਵਲ, ਨਗਰ 'ਚੋਂ ਜ਼ੋਰਦਾਰ ਅੱਗ ਦੇ ਲਾਂਬੂ ਉਭਰਦੇ ਹੋਏ ਨਜ਼ਰ ਆਉਂਦੇ ਹਨ)

ਗੰਧਰਵ-੧ : ਸਾਡੀ ਆਤਮਾ ਨੂੰ ਇਹ ਭਾਂਬੜ ਤਬਾਹ ਕਰ ਰਹੇ ਨੇ, ਦੇਵੀ ਜੀ

ਸਰਸਵਤੀ : ਹੈਂ, ਇਹ ਭਾਂਬੜ ਕਾਹਦਾ ਹੈ?

ਕਿਸ ਤੋਂ ਪੁਛਾਂ?

ਗੰਧਰਵ ਕਿਧਰ ਗਏ?

(ਸਰਸਵਤੀ ਦੇਵੀ ਆਲੇ ਦੁਆਲੇ ਵਲ ਤਕਦੀ ਹੈ, ਪਰ ਉਥੇ ਕੋਈ ਵੀ ਨਹੀਂ ਹੈ। ਗੰਧਰਵ ਵੀ ਅਲੋਪ ਹੋ ਚੁਕੇ ਹਨ)

ਇਨ੍ਹਾਂ ਭਾਂਬੜਾਂ ਦਾ ਸੇਕ ਤਾਂ ਮੈਨੂੰ ਵੀ ਮਹਿਸੂਸ ਹੋ ਰਿਹਾ ਹੈ।

(ਪਲ ਭਰ ਰੁਕਕੇ)

ਮੈਂ ਇਨ੍ਹਾਂ ਭਾਂਬੜਾਂ ਨੂੰ ਆਪਣੀ ਵੀਣਾ ਦੇ ਸੰਗੀਤ ਨਾਲ ਬੁਝਾ ਦਿਆਂਗੀ

(ਵੀਣਾ ਦੇ ਤਾਰਾਂ ਨੂੰ ਛੇੜਦੀ ਹੈ)

ਹੈਂ? ਇਹ ਕੀ?

ਅੱਗ ਦੇ ਭਾਂਬੜਾਂ ਦਾ ਇਹ ਕਿਹਾ ਪ੍ਰਭਾਵ ਹੈ? ਮੈਨੂੰ ਵੀਣਾ ਦਾ ਸੰਗੀਤ ਹੀ ਨਹੀਂ ਸੁਣਾਈ ਦੇ ਰਿਹਾ...ਇਹ ਕਿਹੀ ਅੱਗ ਹੈ ਜਿਸ ਨੇ ਮੇਰੀ ਵੀਣਾ ਦੇ ਸੰਗੀਤ ਨੂੰ ਹੀ ਕੀਲਿਤ ਕਰ ਦਿਤੈ?

(ਅਗਲੇ ਕੁਝ ਪਲਾਂ ਵਿਚ ਵਾਤਾਵਰਣ ਵਿਚ ਫੈਲ ਰਹੇ ਭਾਂਬੜਾਂ ਵਿਚੋਂ ਔਰਤਾਂ ਅਤੇ ਬੱਚਿਆਂ ਦੀਆਂ ਆਹਾਂ ਤੇ ਸਿਸਕੀਆਂ ਦੀ ਆਵਾਜ਼ ਵਟਕ ਲਗ ਪੈਂਦੀ ਹੈ)

(ਹੈਰਾਨੀ ਨਾਲ) ਹੈਂ? ਇਹ ਕੀ?

ਅਜ ਇਹ ਕਿਹਾ ਬਦਬਖਤਾ ਦਿਨ ਹੈ?

(ਪਲ ਭਰ ਰੁਕ ਕੇ)

ਇਹ ਕਿਹੇ ਭਾਂਬੜ ਨੇ, ਜਿਨ੍ਹਾਂ ਤੇ ਮੇਰੇ ਸੰਗੀਤ ਦਾ ਵੀ ਅਸਰ ਨਹੀਂ ਹੁੰਦਾ?

ਇਹ ਭਾਂਬੜ ਤਾਂ ਮੇਰੇ ਵਲ ਹੀ ਵਧੇ ਚਲੇ ਆ ਰਹੇ ਨੇ

(ਦੂਰ ਆਕਾਸ਼ ਵਲ ਤਕਦੀ ਹੈ)

ਅਜ ਵਾਤਾਵਰਣ 'ਚ ਏਨੀ ਤਪਸ਼?

ਕੀ ਬ੍ਰਹਿਮੰਡ ਝੁਲਸ ਜਾਵੇਗਾ?

(ਸਰਸਵਤੀ ਨੂੰ ਪ੍ਰਤੀਤ ਹੁੰਦਾ ਹੈ, ਜਿਵੇਂ ਉਹ ਬੇਸੁਧ ਹੁੰਦੀ ਜਾ ਰਹੀ ਹੋਵੇ)

ਮੈਨੂੰ ਇਹ ਬੇਹੋਸ਼ੀ ਜਿਹੀ ਕਾਹਦੀ ਮਹਿਸੂਸ ਹੋ ਰਹੀ ਹੈ?

(ਉਸ ਵੇਲੇ ਬਗੀਚੇ ਦੇ ਇਕ ਕੋਨੇ ਵਿਚੋਂ ਬ੍ਰਹਮਾ ਜੀ ਪ੍ਰਵੇਸ਼ ਕਰਦੇ ਹਨ)

ਬ੍ਰਹਮਾ : ਸਰਸਵਤੀ?...ਹਿ ਸਰਸਵਤੀ!



Sri Satguru Jagjit Singh Ji eLibrary NamdhariElibrary@gmail.com

(ਸਰਸਵਤੀ ਚੁੱਪ ਹੈ)

ਸਰਸਵਤੀ ! ਤੂੰ ਬੋਲਦੀ ਨਹੀਂ ?

ਸਰਸਵਤੀ !

(ਸਰਸਵਤੀ ਤ੍ਰਬਕ ਕੇ ਸੁਰਤ ਸੰਭਾਲਦੀ ਹੈ)

ਸਰਸਵਤੀ : ਤੁਸਾਂ ਕੁਝ ਕਿਹਾ, ਪ੍ਰਜਾਪਤੀ ਜੀ ?

ਬ੍ਰਹਮਾ : ਮੈਂ ਕਿੰਨੀਆਂ ਆਵਾਜ਼ਾਂ ਦਿਤੀਆਂ ਨੇ

ਸਰਸਵਤੀ : ਮੈਂ ਤਾਂ ਕੋਈ ਨਹੀਂ ਸੁਣੀ

ਬ੍ਰਹਮਾ : ਕਿਉਂ ?

ਸਰਸਵਤੀ : ਕਿਵੇਂ ਦਸਾਂ ? ਮੈਨੂੰ ਹੋਸ਼ ਹੀ ਨਹੀਂ ਸੀ

ਬ੍ਰਹਮਾ : ਕੋਈ ਕਾਰਣ ਵੀ ਤਾਂ ਹੋਵੇ ਬੇਹੋਸ਼ੀ ਦਾ

ਸਰਸਵਤੀ : ਕਾਰਣ ਤਾਂ ਹੈ ਹੀ

ਬ੍ਰਹਮਾ : ਕੀ ਕਾਰਣ ਹੈ ?

ਸਰਸਵਤੀ : (ਆਕਾਸ਼ ਵਲ ਤਕਕੇ) ਔਹ ਸਾਹਮਣੇ ਉੱਤਰੀ ਪਾਸੇ ਵਲ ਤਕਦੇ ਹੋ ?

ਬ੍ਰਹਮਾ : (ਨਗਰ ਵਲ ਵੇਖਕੇ) ਹਾਂ, ਵੇਖ ਰਿਹਾ ਹਾਂ। ਹਰ ਪਾਸੇ ਜਿਵੇਂ ਭਾਂਬੜ ਮਚੇ ਹੋਏ ਹੋਣ ! ਆਕਾਸ਼ ਤੇ ਅੱਗ ਇਹ ਕਿਹੀ ਲਾਲੀ ਨਜ਼ਰ ਆ ਰਹੀ ਹੈ !

ਸਰਸਵਤੀ : ਬਸ ਇਹੋ ਹੀ ਕਾਰਣ ਹੈ ਮੇਰੀ ਬੇਹੋਸ਼ੀ ਦਾ

ਬ੍ਰਹਮਾ : (ਚੌਂਕਕੇ) ਸਰਸਵਤੀ ! ਕੀ ਤੂੰ ਦੀਪਕ ਰਾਗ ਗਾਇਆ ਸੀ ?

ਸਰਸਵਤੀ : ਜੀ ਨਹੀਂ, ਬਿਲਕੁਲ ਨਹੀਂ।

ਬ੍ਰਹਮਾ : ਫੇਰ ਇਹ ਆਕਾਸ਼ ਵਿਚ ਅਗਨੀ ਦੇ ਭਾਂਬੜ ਕਿਵੇਂ ਮਚ ਗਏ ਨੇ ?

ਸਰਸਵਤੀ : ਮੈਨੂੰ ਵੀ ਹੈਰਾਨੀ ਹੈ

ਬ੍ਰਹਮਾ : (ਅਣਸੁਣੀ ਕਰਕੇ) ਮੈਨੂੰ ਹਰ ਵੇਲੇ ਇਹੋ ਹੀ ਡਰ ਰਹਿੰਦਾ ਹੈ ਕਿ ਤੂੰ ਜਿਸ ਵੇਲੇ ਵੀ ਦੀਪਕ ਰਾਗ ਗਾਇਆ, ਵਾਤਾਵਰਣ 'ਚ ਅਗਨੀ ਦੇ ਭਾਂਬੜ ਮੱਚ ਉਠਣਗੇ

ਸਰਸਵਤੀ : ਪਰ ਹਾਲੇ ਤਾਂ ਮੈਂ ਰਾਗ ਆਸਾਵਰੀ ਹੀ ਸ਼ੁਰੂ ਕੀਤਾ ਸੀ...ਜਦੋਂ ਕਿ ਗੰਧਰਵ ਆ ਗਏ...

(ਆਲੇ ਦੁਆਲੇ ਵੇਖਦੀ ਹੈ)

ਬ੍ਰਹਮਾ : ਇਹ ਗੰਧਰਵ ਬੜੇ ਖੁਸ਼ ਰਹਿਣੇ ਜੀਵ ਨੇ

ਸਰਸਵਤੀ : ਪਰ ਅਜ ਤਾਂ ਉਹ ਵੀ ਬੇਚੈਨ ਸਨ ਵਿਚਾਰੇ

ਬ੍ਰਹਮਾ : (ਵਿਚਲਿਤ ਹੋ ਕੇ) ਪਰ ਕੋਈ ਕਾਰਣ ਵੀ ਹੋਵੇ ?

ਸਰਸਵਤੀ : ਬਿਨਾ ਕਾਰਣ ਤਾਂ ਆਕਾਸ਼ 'ਚ ਕਦੀ ਅਗਨੀ ਦੇ ਭਾਂਬੜ ਨਹੀਂ ਮਚਦੇ

ਬ੍ਰਹਮਾ : ਹਾਂ...ਇਹ ਤਾਂ ਹੈ ਹੀ

ਸਰਸਵਤੀ : ਫੇਰ ਕੋਈ ਕਾਰਣ ਜ਼ਰੂਰ ਹੋਵੇਗਾ, ਅਗਨੀ ਦੇਵ ਦੇ ਕਰੋਪ ਹੋਣ ਦਾ

ਬ੍ਰਹਮਾ : ਤੂੰ ਕੀ ਸੋਚਿਆ ਹੈ ?

ਸਰਸਵਤੀ : ਮੈਨੂੰ ਕੁਝ ਸੋਚਣ ਦਾ ਮੌਕਾ ਹੀ ਨਹੀਂ ਮਿਲਿਆ ਕਦੀ

ਬ੍ਰਹਮਾ : ਚੰਗਾ, ਤੂੰ ਸੋਚ ਅਗਨੀ ਦੇ ਭਾਂਬੜਾਂ ਬਾਰੇ...ਮੈਂ ਚਲਦਾ ਹਾਂ...

ਸਰਸਵਤੀ : ਪਰ ਤੁਸੀਂ ਕਿਉਂ ਨਹੀਂ ਸੋਚਦੇ !

ਬ੍ਰਹਮਾ : ਮੇਰੇ ਕੋਲ ਹੋਰ ਬੜੇ ਕੰਮ ਨੇ

ਸਰਸਵਤੀ : (ਕਰੋਧ ਨਾਲ) ਤੁਸੀਂ ਜਾਵੋ ਆਪਣੀ ਮਨੋਵਤੀ ਸਭਾ ਵਿਚ ਬੈਠ ਤੇ ਸੰਸਾਰ ਰਚਨਾ ਦੀ ਚਰਚਾ ਕਰੋ ! ਵਿਸ਼ਵ ਭਾਵੇਂ ਭਸਮ ਹੀ ਹੋ ਜਾਵੇ

ਬ੍ਰਹਮਾ : (ਘਬਰਾਕੇ) ਪਰ ਮੈਂ ਤਾਂ ਇਥੇ ਤੇਰੇ ਕੋਲ ਵੀ ਬੈਠਾ ਹਾਂ

ਸਰਸਵਤੀ : ਤੁਹਾਡੇ ਕੋਲ ਏਨਾ ਸਮਾਂ ਕਿਥੇ ਹੈ ਜੋ ਮੇਰੇ ਕੋਲ ਬੈਠੋਗੇ ?

ਬ੍ਰਹਮਾ : ਮੇਰੇ ਕੋਲ ਸਮਾਂ ਹੀ ਹੈ...ਤੂੰ ਕੋਈ ਕੰਮ ਦਸ ! ਕੋਈ ਗੱਲ ਕਰ ! ਮੈਨੂੰ ਹਰ ਵੇਲੇ ਤੇਰੀਆਂ ਭਾਵਨਾਵਾਂ ਦਾ ਹੀ ਖਿਆਲ ਰਹਿੰਦੈ

ਸਰਸਵਤੀ : ਚੰਗਾ, ਮਨੋਵਤੀ ਸਭਾ 'ਚ ਜਾਣ ਤੋਂ ਪਹਿਲਾਂ ਮੈਨੂੰ ਪਤਾ ਕਰਕੇ ਦਸੋ...ਆਕਾਸ਼ 'ਚ ਭਾਂਬੜ ਕਿਉਂ ਭੜਕੇ ਨੇ ? (ਰੁਕਕੇ)

ਨਾ, ਮੈਂ ਇਸ ਦੀ ਜਾਣਦੀ ਹਾਂ...ਕਿਉਂਕਿ ਤੁਹਾਡੀ ਰਚਨਾ ਦੀ ਰੌਂਦ ਨਾਲ ਇਸ ਦਾ ਬੜਾ ਗਹਿਰਾ ਸੰਬੰਧ ਹੈ...

ਬ੍ਰਹਮਾ : ਬਸ ਹੁਣ ਤੂੰ ਨਿਸਚਿੰਤ ਹੋ ਜਾ...

ਮੈਂ ਤੇਰੇ ਲਈ ਸਭ ਕੁਝ ਹੀ ਕਰਾਂਗਾ

ਸਰਸਵਤੀ : ਸਭ ਤੋਂ ਪਹਿਲਾਂ ਵਾਤਾਵਰਣ ਨੂੰ ਸ਼ਾਂਤ ਕਰੋ... ਤਾਂਕਿ...

ਬ੍ਰਹਮਾ : ਤਾਂ ਕਿ...ਕੀ ?

ਸਰਸਵਤੀ : ਤਾਂ ਕਿ ਮੈਂ ਸੁਖੀ ਮਨ ਨਾਲ ਰਾਗ ਆਸਾਵਰੀ ਦਾ ਗਾਇਨ ਕਰ ਸਕਾਂ

ਬ੍ਰਹਮਾ : ਤੂੰ ਗਾਇਨ ਕਰ ! ਤੇਰੇ ਗਾਇਨ ਵਿਚ ਕੋਈ ਵੀ ਵਿਘਨ ਨਹੀਂ ਪਾ ਸਕਦਾ...ਮੈਂ ਤੈਨੂੰ ਵਿਸ਼ਵਾਸ ਦਿਵਾਉਂਦਾ ਹਾਂ



Sri Satguru Jagjit Singh Ji eLibrary NamdhariElibrary@gmail.com

ਸਰਸਵਤੀ : ਪਰ ਮੈਂ ਅਜ ਵਾਤਾਵਰਣ 'ਚ ਭੜਕੀ ਹੋਈ ਅਗਨੀ ਦੇ ਭਾਂਬੜਾ ਦੀ ਤਪਸ਼ ਮਹਿਸੂਸ ਕਰ ਰਹੀ ਹਾਂ

ਬ੍ਰਹਮਾ : ਮੈਂ ਇਨ੍ਹਾਂ ਭਾਂਬੜਾਂ ਨੂੰ ਅਜ ਹੀ ਸ਼ਾਂਤ ਕਰ ਦਿਆਂਗਾ, ਸਰਸਵਤੀ ! ਤੂੰ ਵੇਖਦੀ ਜਾ !

(ਬ੍ਰਹਮਾ ਜੀ ਕਾਹਲੀ ਨਾਲ ਚਲੇ ਜਾਂਦੇ ਹਨ। ਦੇਵੀ ਸਰਸਵਤੀ ਆਪਣੀ ਵੀਣਾ ਵਲ ਹੱਥ ਵਧਾਉਂਦੀ ਹੈ)

ਸਰਸਵਤੀ : ਅਜ ਸੰਗੀਤ ਵੀ ਸੋਗੀ ਪ੍ਰਭਾਵ ਵਾਲਾ ਪ੍ਰਤੀਤ ਹੋ ਰਿਹੈ

(ਬ੍ਰਹਮਾ ਜੀ ਕੁਝ ਕੁ ਕਦਮ ਚਲਕੇ ਫੇਰ ਪਰਤ ਆਉਂਦੇ ਹਨ)

ਬ੍ਰਹਮਾ : ਸਰਸਵਤੀ !

ਸਰਸਵਤੀ : ਜੀ !

ਬ੍ਰਹਮਾ : ਤੂੰ ਘਬਰਾ ਤੇ ਨਹੀਂ ਗਈ ?

ਸਰਸਵਤੀ : ਤੁਹਾਡਾ ਕੀ ਖਿਆਲ ਹੈ ?

ਬ੍ਰਹਮਾ : ਤੂੰ ਲੋਕਾਂ ਦੀ ਵੇਦਨ ਨੂੰ ਬਹੁਤ ਨਾ ਮਹਿਸੂਸ ਕਰਿਆ ਕਰ।

ਸਰਸਵਤੀ : ਕਿਉਂ ਜੀ ?

ਬ੍ਰਹਮਾ : ਸਰਸਵਤੀ ! ਮੈਂ ਨਹੀਂ ਚਾਹੁੰਦਾ ਕਿ ਤੇਰਾ ਅਨੁਭੂਤੀ ਸ਼ੀਲ ਮਨ-ਮਸਤਕ ਛੋਟੀਆਂ ਛੋਟੀਆਂ ਗੱਲਾਂ ਦੀ ਤਪਸ਼ ਮਹਿਸੂਸ ਕਰੇ ! ਇਹਦੇ ਨਾਲ ਤੇਰੀ ਆਤਮਾ ਨੂੰ ਪੀੜ ਮਹਿਸੂਸ ਹੋਵੇਗੀ...ਤੇ ਇਹ ਕੋਈ ਚੰਗੀ ਗੱਲ ਨਹੀਂ

ਸਰਸਵਤੀ : ਅਗਨੀ ਦੇਵ ਨਗਰ ਵਾਸੀਆਂ ਤੇ ਕਰੋਪ ਨੇ, ਇਹ ਕੋਈ ਛੋਟੀ ਗੱਲ ਹੈ ? ਦਸੋ ਮੈਨੂੰ...

ਬ੍ਰਹਮਾ : ਕੋਈ ਕਾਰਣ ਅਵੱਸ਼ ਹੋਵੇਗਾ

ਸਰਸਵਤੀ : ਫੇਰ ਦਸਦੇ ਕਿਉਂ ਨਹੀਂ ?

ਬ੍ਰਹਮਾ : ਮੈਂ ਹਾਲੇ ਇਹਦੇ ਵਲ ਧਿਆਨ ਨਹੀਂ ਦਿਤਾ।

ਸਰਸਵਤੀ : ਦਿਉ ਫੇਰ...

ਇਹ ਨਾ ਹੋਵੇ ਕਿ ਤੁਹਾਡੀ ਸਾਜੀ ਹੋਈ ਸਾਰੀ ਹੀ ਲੋਕਾਈ ਭਸਮ ਹੋ ਜਾਵੇ

ਬ੍ਰਹਮਾ : ਇਹ ਕਿਵੇਂ ਹੋ ਸਕਦੈ ?

ਸਰਸਵਤੀ : ਸਭ ਕੁਝ ਹੀ ਹੋ ਸਕਦੈ

ਬ੍ਰਹਮਾ : (ਉਤੇਜਤ ਹੋ ਕੇ) ਚੰਗਾ, ਮੈਂ ਵੇਖਾਂਗਾ

ਸਰਸਵਤੀ : (ਹੋਰ ਵੀ ਉਤੇਜਤ ਹੋਕੇ) ਚੰਗਾ ਵੇਖੋ ਫੇਰ !

ਪਰ ਇਹ ਨਾ ਭੁਲੋ ਕਿ ਸਿਰਫ ਗੱਲਾਂ ਨਾਲ ਕੁਝ ਨਹੀਂ ਸੰਵਰਨਾ

ਬ੍ਰਹਮਾ : ਠੀਕ ਹੈ...ਠੀਕ ਹੈ...

ਮੈਂ ਜ਼ਰੂਰ ਕੁਝ ਸੋਚਦਾ ਹਾਂ

ਸਰਸਵਤੀ : ਸੋਚੋ ਫੇਰ...ਮੈਂ ਚਲਦੀ ਹਾਂ...ਤਾਂ ਕਿ ਤੁਸੀਂ ਅੰਤਰ ਧਿਆਨ ਹੋ ਕੇ ਸੋਚ ਸਕੋ

(ਕਾਹਲੀ ਨਾਲ ਚਲੀ ਜਾਂਦੀ ਹੈ)

ਬ੍ਰਹਮਾ : ਠੀਕ ਹੈ...

(ਸਰਸਵਤੀ ਦੇ ਜਾਣ ਮਗਰੋਂ ਬ੍ਰਹਮਾ ਜੀ ਚਿੰਤਨ, ਵਿਚ ਏਨੇ ਮਗਨ ਹੋਏ ਕਿ ਉਨ੍ਹਾਂ ਨੂੰ ਸੰਸਾਰ ਦੀ ਸੁਧ ਬੁਧ ਹੀ ਭੁਲ ਗਈ। ਅਚਾਨਕ ਹੀ ਬ੍ਰਹਮਾ ਜੀ ਦੀ ਪਤਨੀ ਸਵਿਤਾ ਪ੍ਰਵੇਸ਼ ਕਰਦੀ ਹੈ—)

ਸਵਿਤਾ : ਪ੍ਰਜਾਪਤੀ ਜੀ, ਮੈਂ ਹਰ ਥਾਂ ਲਭਦੀ ਆਈ ਹਾਂ ਪਰ ਤੁਸੀਂ ਕਿਤੇ ਨਹੀਂ ਲਭੇ

ਬ੍ਰਹਮਾ : (ਅੱਖਾਂ ਖੋਲ੍ਹ ਕੇ) ਸਵਿਤਾ, ਮੈਂ ਇਥੇ ਹਾਂ...ਵੇਖ !

ਸਵਿਤਾ : ਮੈਂ ਹੈਰਾਨ ਹਾਂ, ਤੁਸਾਂ ਮੇਰੇ ਵਲ ਧਿਆਨ ਹੀ ਨਹੀਂ ਦਿਤਾ...ਕਿਉਂ ?

ਬ੍ਰਹਮਾ : ਮੈਂ ਕੁਝ ਸੋਚ ਰਿਹਾ ਸਾਂ

ਸਵਿਤਾ : ਕਦੀ ਉਹ ਦਿਨ ਵੀ ਹੁੰਦੇ ਸਨ ਜਦੋਂ ਤੁਸੀਂ ਕੁਝ ਨਹੀਂ ਸੋਚਦੇ ?

ਬ੍ਰਹਮਾ : (ਹੱਸਣ ਦਾ ਜਤਨ ਕਰਕੇ) ਸੋਚਣਾ ਮਾੜੀ ਗੱਲ ਹੈ ?

ਸਵਿਤਾ : ਮੈਂ ਇਹ ਕਿਹੈ ?

ਬ੍ਰਹਮਾ : ਪਰ ਤੇਰੀ ਗੱਲ ਦਾ ਮਤਲਬ ਇਹੋ ਹੀ ਪ੍ਰਤੀਤ ਹੁੰਦੈ

ਸਵਿਤਾ : ਪ੍ਰਤੀਤ ਹੀ ਹੁੰਦੈ

ਬ੍ਰਹਮਾ : ਜੋ ਪ੍ਰਤੀਤ ਹੋਵੇ, ਉਹ ਸਚ ਹੀ ਹੁੰਦਾ ਹੈ

ਸਵਿਤਾ : (ਮੁਸਕਰਾਕੇ) ਤਦ ਫੇਰ ਅਜ ਤੁਸੀਂ ਮੈਨੂੰ ਪ੍ਰਸੰਨ ਪ੍ਰਤੀਤ ਨਹੀਂ ਹੁੰਦੇ...ਅਤੇ ਇਹ ਸੱਚ ਵੀ ਹੈ

ਬ੍ਰਹਮਾ : ਤੇਰੀ ਗੱਲ ਠੀਕ ਹੈ

ਸਵਿਤਾ : ਤੁਹਾਨੂੰ ਕਾਹਦਾ ਗ਼ਮ ਐ ?

ਬ੍ਰਹਮਾ : ਮੈਂ ਇਕ ਵਿਕਟ ਸਮੱਸਿਆ ਵਿਚ ਫਸ ਗਿਆਂ

ਸਵਿਤਾ : ਸਮੱਸਿਆ ? ਕਿਹੜੀ ?

ਬ੍ਰਹਮਾ : (ਹੱਸਕੇ) ਅਜ ਸਰਸਵਤੀ ਬੜੀ ਉਦਾਸ ਹੈ

ਸਵਿਤਾ : ਇਹ ਗੱਲ ਤੁਸੀਂ ਮੈਨੂੰ ਦਸ ਰਹੇ ਹੋ ? ਸਵਿਤਾ ਨੂੰ ?

ਬ੍ਰਹਮਾ : ਹਾਂ



Sri Satguru Jagjit Singh Ji eLibrary NamdhariElibrary@gmail.com

ਸਵਿਤਾ : ਕਦੀ ਉਹਨੂੰ ਵੀ ਮੇਰੀ ਉਦਾਸੀ ਬਾਰੇ ਦੱਸਿਐ ?

ਬ੍ਰਹਮਾ : ਕਈ ਵਾਰ

ਸਵਿਤਾ : ਪਰ ਮੈਨੂੰ ਉਹਦੀ ਉਦਾਸੀ ਬਾਰੇ ਜਾਨਣ ਦੀ ਲੋੜ ਨਹੀਂ

ਬ੍ਰਹਮਾ : ਕਿਉਂ ?

ਸਵਿਤਾ : ਤੁਹਾਨੂੰ ਇਸ ਗੱਲ ਦਾ ਪਤਾ ਨਹੀਂ ?

ਬ੍ਰਹਮਾ : ਕੀ ਤੁਸੀਂ ਦੋਵੇਂ ਰਲ ਮਿਲਕੇ ਨਹੀਂ ਰਹਿ ਸਕਦੀਆਂ ?

ਸਵਿਤਾ : ਰਲ ਮਿਲਕੇ ਉਹਨੇ ਰਹਿਣਾ ਹੈ ਕਿ ਮੈਂ ?

ਬ੍ਰਹਮਾ : ਤੂੰ ਵੀ

ਸਵਿਤਾ : ਉਹਨੇ ਨਹੀਂ ?

ਬ੍ਰਹਮਾ : ਉਹਨੇ ਵੀ

ਸਵਿਤਾ : ਉਹ ਨਹੀਂ ਰਹਿ ਸਕਦੀ

ਬ੍ਰਹਮਾ : ਤੂੰ ਕਿਵੇਂ ਜਾਣਿਐ ?

ਸਵਿਤਾ : ਉਹ ਰਲ ਮਿਲਕੇ ਰਹਿ ਸਕਦੀ ਤਾਂ ਲਛਮੀ ਨਾਲ ਨਾ ਰਹਿੰਦੀ

ਬ੍ਰਹਮਾ : ਉਹ ਹੋਰ ਗੱਲ ਸੀ

ਸਵਿਤਾ : ਕਿਹੜੀ ਗੱਲ ਸੀ ਉਹ ?

ਬ੍ਰਹਮਾ : ਸਰਸਵਤੀ ਅਨੁਭੂਤੀਸ਼ੀਲ ਹੈ...ਅਤੇ ਹਰ ਗੱਲ ਨੂੰ ਬਹੁਤ ਛੇਤੀਂ ਮਹਿਸੂਸ ਕਰਦੀ ਹੈ

ਸਵਿਤਾ : ਸਭੇ ਔਰਤਾਂ ਇਸੇ ਤਰ੍ਹਾਂ ਦੀਆਂ ਹੀ ਹੁੰਦੀਆਂ ਨੇ ਪ੍ਰਜਾਪਤੀ ਜੀ ।

ਬ੍ਰਹਮਾ : ਨਹੀਂ, ਸਭੇ ਨਹੀਂ ਹੁੰਦੀਆਂ । ਸਭੇ ਔਰਤਾਂ ਅਨੁਭੂਤੀਸ਼ੀਲ ਹੁੰਦੀਆਂ ਤਾਂ ਅਜ ਵਿਸ਼ਵ ਵਿਚ ਏਨੇ ਫਸਾਦ ਨਾ ਹੁੰਦੇ...ਲੋਕ ਇਕ ਦੂਸਰੇ ਨਾਲ ਨਫਰਤ ਨਾ ਕਰਦੇ...ਕਣਾ ਵੰਡੀ ਨਾ ਹੁੰਦੀ...

ਸਵਿਤਾ : ਇਹਦੇ 'ਚ ਔਰਤਾਂ ਦਾ ਕੀ ਕਸੂਰ ਹੈ...ਪ੍ਰਜਾਪਤੀ ਜੀ ?

ਬ੍ਰਹਮਾ : ਔਰਤਾਂ ਜਿਸ ਤਰ੍ਹਾਂ ਦੇ ਬੱਚਿਆਂ ਨੂੰ ਜਨਮ ਦੇਣਗੀਆਂ ਇਹ ਵਿਸ਼ਵ ਉਸੇ ਤਰ੍ਹਾਂ ਦਾ ਹੀ ਬਣ ਜਾਵੇਗਾ । ਤੂੰ ਇਹ ਗੱਲ ਨਹੀਂ ਸਮਝਦੀ ?

ਸਵਿਤਾ : ਮਰਦਾਂ ਦਾ ਇਹਦੇ 'ਚ ਕੋਈ ਹੱਥ ਨਹੀਂ ?

ਬ੍ਰਹਮਾ : ਹੈ ਵੇ...ਪਰ ਔਰਤ ਜਨਨੀ ਹੈ...ਬੱਚਿਆਂ ਦੀ ਨੁਹਾਰ ਪਹਿਲਾਂ ਉਹਦੀ ਕਲਪਨਾ ਵਿਚ ਉਭਰਦੀ ਹੈ...ਅਤੇ ਫੇਰ ਜੀਵੰਤ ਰੂਪ ਵਿਚ । ਉਹ ਧੰਧੇ ਦੀ ਰੋਣੀ ਸਿਰਜਦੀ ਹੈ...

ਸਵਿਤਾ : ਪਰ ਤੁਸੀਂ ਤੇ ਸਰਸਵਤੀ ਦੀ ਗੱਲ ਕਰ ਰਹੇ ਸਉ !

ਬ੍ਰਹਮਾ : ਹਾਂ, ਉਹ ਬਹੁਤੀ ਅਨੁਭੂਤੀਸ਼ੀਲ ਹੈ ਨਾ...ਚਾਹੁੰਦੀ ਹੈ ਕਿ ਲੋਕ ਸੁਖੀ ਰਹਿਣ...ਇਸ ਲਈ...

ਸਵਿਤਾ : ਇਸ ਲਈ...ਕੀ ?

ਬ੍ਰਹਮਾ : ਉਹ ਅਜ ਵਾਤਾਵਰਣ 'ਚ ਵਧੇਰੇ ਤਪਸ਼ ਮਹਿਸੂਸ ਕਰ ਰਹੀ ਹੈ

ਸਵਿਤਾ : ਤਾਂ ਫੇਰ ਉਹ ਕੀ ਕਰੇਗੀ ?

ਬ੍ਰਹਮਾ : ਜੋ ਵੀ ਕਰ ਸਕੀ

ਸਵਿਤਾ : ਫੇਰ ਕਰ ਲਵੇ...ਤੁਸੀਂ ਕਿਉਂ ਪਰੇਸ਼ਾਨ ਹੋ ? ਉਹ ਵੀ ਤਾਂ ਕੁਝ ਕਰੇ

ਬ੍ਰਹਮਾ : ਮੈਂ ਨਹੀਂ ਚਾਹੁੰਦਾ ਕਿ ਸਰਸਵਤੀ ਦੀ ਵੀਣਾ ਖਾਮੋਸ਼ ਹੋ ਜਾਵੇ

ਸਵਿਤਾ : ਫੇਰ ਮੈਨੂੰ ਕੀ ਹੁਕਮ ਹੈ ?

ਬ੍ਰਹਮਾ : ਮੈਂ ਤਾਂ ਤੈਨੂੰ ਨਹੀਂ ਸੀ ਬੁਲਾਇਆ

ਸਵਿਤਾ : ਫੇਰ ਮੈਂ ਜਾਵਾਂ ?

ਬ੍ਰਹਮਾ : ਨਹੀਂ...ਸਗੋਂ ਤੂੰ ਵੀ ਮੇਰੇ ਨਾਲ ਇਸ ਸਮੱਸਿਆ ਬਾਰੇ ਸੋਚ...ਕਿ ਵਾਤਾਵਰਣ ਦੀ ਤਪਸ਼ ਕਿਵੇਂ ਦੂਰ ਹੋ ਸਕਦੀ ਹੈ...ਲੋਕ ਕਿਵੇਂ ਸੁਖੀ...?

ਸਵਿਤਾ : ਪਰ ਮੈਂ ਤਾਂ ਇਹ ਪੁਛਣ ਆਈ ਸਾਂ ਕਿ ਤੁਸੀਂ ਜਲ-ਪਾਨ ਕੀ ਕਰੋਗੇ ?

ਬ੍ਰਹਮਾ : ਇਹ ਚੰਗੀ ਗੱਲ ਹੈ ਕਿ ਪਤਨੀਆਂ ਨੂੰ ਅਜਕਲ ਆਪਣੇ ਪਤੀਆਂ ਦੇ ਖਾਣ-ਪੀਣ ਦਾ ਕਾਫੀ ਖਿਆਲ ਰਹਿੰਦਾ ਹੈ

ਸਵਿਤਾ : ਪਰ ਸਰਸਵਤੀ...ਤਾਂ...?

ਬ੍ਰਹਮਾ : ਉਹਦੀ ਵੇਦਨ ਨੂੰ ਅੱਜ ਮੈਂ ਅਵੱਸ਼ ਦੂਰ ਕਰਾਂਗਾ ਅਤੇ ਤੂੰ ਵੀ...

ਸਵਿਤਾ : (ਹੱਸਕੇ) ਮੈਂ ਵੀ ਤੁਹਾਡਾ ਸਾਥ ਦਿਆਂਗੀ

ਬ੍ਰਹਮਾ : ਫੇਰ ਮੈਂ ਅਵੱਸ਼ ਸਫਲ ਹੋਵਾਂਗਾ

ਸਵਿਤਾ : ਔਰਤ ਤੋਂ ਬਗੈਰ ਮਰਦ ਸਫਲ ਨਹੀਂ ਹੋ ਸਕਦਾ ?

(ਫੇਰ ਹੱਸਦੀ ਹੈ)

ਬ੍ਰਹਮਾ : ਨਹੀਂ...ਬਿਲਕੁਲ ਨਹੀਂ

ਸਵਿਤਾ : ਤੁਹਾਡੇ ਜਿਹੇ ਮਹਾਪ੍ਰਜਾਪਤੀ ਵੀ ਨਹੀਂ ?

ਬ੍ਰਹਮਾ : ਨਹੀਂ...

ਔਰਤ ਵਿਸ਼ਵ ਰਚਨਾ ਦੀ ਕੇਂਦਰ ਬਿੰਦੂ ਹੈ...ਔਰਤ ਦੀ ਸਹਾਇਤਾ ਤੋਂ ਬਗੈਰ ਮੈਂ ਦੀ ਰਚਨਾ-ਪ੍ਰਕ੍ਰਿਆ



Sri Satguru Jagjit Singh Ji eLibrary NamdhariElibrary@gmail.com

ਵਿਚ ਸਫਲ ਨਹੀਂ ਹੋ ਸਕਦਾ

ਸਵਿਤਾ : (ਹੱਸਕੇ) ਚਲੋ ਉਠੋ ਪਹਿਲਾਂ ਜਲਪਾਨ ਕਰੋ ! ਗੱਲਾਂ ਹੀ ਨਾ ਕਰੀ ਜਾਵੋ !

ਰਚਨਾ ਕਰਨ ਤੋਂ ਪਹਿਲਾਂ ਮਹਾਪ੍ਰਜਾਪਤੀ ਨੂੰ ਪਹਿਲਾਂ ਆਪ ਤ੍ਰਿਪਤ ਹੋਣਾ ਚਾਹੀਦਾ ਹੈ

ਬ੍ਰਹਮਾ : ਸਵਿਤਾ, ਤੂੰ ਠੀਕ ਕਹਿੰਦੀ ਏਂ !

ਸਵਿਤਾ : ਪ੍ਰਜਾਪਤੀ ਜੀ. ਮੈਂ ਕਦੋਂ ਠੀਕ ਨਹੀਂ ਕਿਹਾ ?

ਬ੍ਰਹਮਾ : (ਹੱਸਕੇ) ਮੈਨੂੰ ਚੇਤਾ ਨਹੀਂ

ਸਵਿਤਾ : ਤੁਹਾਨੂੰ ਤਾਂ ਚੇਤਾ ਹੋਣਾ ਚਾਹੀਦੈ

ਬ੍ਰਹਮਾ : ਮੈਨੂੰ ਇਹ ਹੀ ਕਹਿਣਾ ਚਾਹੀਦੈ ਕਿ ਚੇਤਾ ਨਹੀਂ, ਨਹੀਂ ਤਾਂ ਤੂੰ ਕਹੇਂਗੀ—ਅਜ ਕਲ ਦੇ ਪਤੀ ਪਤਨੀਆਂ ਦੀਆਂ ਗੱਲਾਂ ਨੂੰ ਕਦੋਂ ਚੇਤੇ ਰਖਦੇ ਨੇ ?

ਸਵਿਤਾ : (ਹੱਸਕੇ) ਨਹੀਂ, ਮੈਂ ਨਹੀਂ ਕਹਿੰਦੀ ! ਤੁਸੀਂ ਉਠੋ !

ਬ੍ਰਹਮਾ : ਚੰਗਾ

(ਦੁਆਰਪਾਲ ਦਾ ਪ੍ਰਵੇਸ਼)

ਦੁਆਰਪਾਲ : ਪ੍ਰਜਾਪਤੀ ਜੀ, ਆਪ ਜੀ ਨੂੰ ਕੁਝ ਦੇਵਤੇ ਮਿਲਣਾ ਚਾਹੁੰਦੇ ਨੇ

ਬ੍ਰਹਮਾ : ਹੁਣੇ ਹੀ ?

ਦੁਆਰਪਾਲ : ਹਾਂ ਜੀ, ਕਹਿੰਦੇ ਨੇ—ਤੁਰਤ ਮਿਲਣਾ ਹੈ

ਬ੍ਰਹਮਾ : ਚੰਗਾ, ਤੁਰਤ ਭੇਜਦੇ !

(ਦੁਆਰਪਾਲ ਜਾਂਦਾ ਹੈ)

ਸਵਿਤਾ : ਮੈਂ ਵੀ ਚਲਦੀ ਹਾਂ...ਪ੍ਰਜਾਪਤੀ ਜੀ

ਬ੍ਰਹਮਾ : ਨਹੀਂ, ਤੂੰ ਮੇਰੇ ਕੋਲ ਬੈਠ !

ਸਵਿਤਾ : ਤੁਹਾਡੀਆਂ ਮਰਦਾਂ ਦੀਆਂ ਗੱਲਾਂ 'ਚੋਂ ਮੈਂ ਕੀ ਲੈਣਾ ਹੈ ?

ਬ੍ਰਹਮਾ : ਅਜ ਕਲ੍ਹ ਦੀਆਂ ਜ਼ਨਾਨੀਆਂ ਤੇ ਸਗੋਂ ਖੁਸ਼ ਹੁੰਦੀਆਂ ਨੇ ਮਰਦਾਂ ਦੀਆਂ ਗੱਲਾਂ ਸੁਣਕੇ

ਸਵਿਤਾ : ਮੈਂ ਨਹੀਂ, ਉਹ ਸਰਸਵਤੀ ਹੀ ਹੈ

ਬ੍ਰਹਮਾ : ਚੰਗਾ, ਤੂੰ ਚਲ ! ਮੈਂ ਹੁਣੇ ਹੀ ਆਉਂਦਾ ਹਾਂ

ਸਵਿਤਾ : ਪਰ ਤੁਸੀਂ ਅੰਦਰ ਮਨੋਹਰੀ ਸਭਾ ਵਿਚ ਕਿਉਂ ਨਹੀਂ ਬਹਿੰਦੇ ?

ਬ੍ਰਹਮਾ : ਇਥੇ ਬਗੀਚੇ 'ਚ ਠੀਕ ਹੈ।

ਅੱਜ ਮੈਨੂੰ ਲਗ ਰਿਹੈ ਜਿਵੇਂ ਕਿ ਸਭਾ ਵਿਚੋਂ ਸੇਕ ਨਿਕਲ ਰਿਹਾ ਹੋਵੇ...ਇਥੇ ਪਿੱਪਲ ਥਲੇ ਡਾ ਹੈ... ਪਰ ਅੰਦਰ ਤਪਸ਼...

ਸਵਿਤਾ : ਤੁਹਾਡੇ ਮਨ ਦੀ ਜੁ ਇਹੋ ਹੀ ਅਵਸਥਾ ਹੈ

ਬ੍ਰਹਮਾ : ਬਿਲਕੁਲ ਠੀਕ ਕਿਹਾ ਤੂੰ !

(ਹੱਸਕੇ) ਜਿਸ ਤਰ੍ਹਾਂ ਤੂੰ ਮੈਨੂੰ ਸਮਝਿਆ ਸਵਿਤਾ, ਹੋਰ ਕੋਈ ਨਹੀਂ ਸਮਝ ਸਕਿਆ

ਸਵਿਤਾ : ਤੁਸੀਂ ਔਰਤਾਂ ਨੂੰ ਖੁਸ਼ ਰਖਣਾ ਵੀ ਜਾਣਦੇ ਹੋ !

(ਸਵਿਤਾ ਹੱਸਕੇ ਚਲੀ ਜਾਂਦੀ ਹੈ)

(ਤਿੰਨ ਦੇਵਤੇ ਪ੍ਰਵੇਸ਼ ਕਰਦੇ ਹਨ)

ਇਕ ਦੇਵਤਾ : ਮਹਾਪ੍ਰਜਾਪਤੀ ਜੀ ਦੀ ਜੈ ਹੋਵੇ

ਦੂਸਰਾ ਦੇਵਤਾ : ਮਹਾਪ੍ਰਜਾਪਤੀ ਜੀ ਅਮਰ ਰਹਿਣ

ਤੀਸਰਾ ਦੇਵਤਾ : ਮਹਾਪ੍ਰਜਾਪਤੀ ਜੀ ਚਿੰਤਾ ਮੁਕਤ ਹੋਣ !

ਬ੍ਰਹਮਾ : (ਤ੍ਰਭੇਤ ਹੋਕੇ) ਕੀ ਤੁਸੀਂ ਮੇਰੀ ਚਿੰਤਾ ਬਾਰੇ ਜਾਣਦੇ ਹੋ ?...ਪਰ ਮੈਂ ਤਾਂ...

(ਦੇਵਤੇ ਇਕ ਦੂਜੇ ਵਲ ਤਕਦੇ ਹਨ)

ਪਹਿਲਾ ਦੇਵਤਾ : ਜੀ, ਸਾਨੂੰ ਕੁਝ ਨਹੀਂ ਪਤਾ

ਦੂਸਰਾ ਦੇਵਤਾ : ਅਸੀਂ ਕੁਝ ਨਹੀਂ ਜਾਣਦੇ ਜੀ

ਬ੍ਰਹਮਾ : ਫੇਰ ਤੁਸੀਂ ਮੈਨੂੰ ਚਿੰਤਾ ਮੁਕਤ ਕਿਵੇਂ ਕਰ ਦਿਓਗੇ ? ਅਜੀਬ ਗੱਲ ਹੈ !

ਤੀਸਰਾ ਦੇਵਤਾ : ਮਹਾਪ੍ਰਜਾਪਤੀ ਜੀ, ਸਾਡੀ ਇਹ ਹਾਰਦਿਕ ਇੱਛਾ ਹੈ !

ਬ੍ਰਹਮਾ : ਧੰਨਵਾਦ !

(ਫੇਰ ਉਨ੍ਹਾਂ ਤਿੰਨਾਂ ਵਲ ਹਸੂ ਨਾਲ ਤਕਦਾ ਹੈ)

ਤੁਸੀਂ ਸ਼ਾਇਦ ਇਹ ਗੱਲ ਨਹੀਂ ਜਾਣਦੇ ਕਿ ਕੇਵਲ ਇੱਛਾ ਕਰਨ ਨਾਲ ਹੀ ਕੋਈ ਚਿੰਤਾ-ਮੁਕਤ ਨਹੀਂ ਹੋ ਸਕਦਾ। ਜਾਣਦੇ ਹੋ ?

ਤੀਸਰਾ ਦੇਵਤਾ : ਜੀ, ਇਹ ਤਾਂ ਠੀਕ ਹੈ

ਦੂਸਰਾ ਦੇਵਤਾ : ਤੁਹਾਡੀ ਗੱਲ ਬਿਲਕੁਲ ਠੀਕ ਹੈ ਜੀ

ਬ੍ਰਹਮਾ ਜੀ : ਹੁਣ ਮੈਂ ਤੁਹਾਨੂੰ ਵੀ ਚਿੰਤਾਗ੍ਰਸਤ ਹੀ ਵੇਖ ਰਿਹਾ ਹਾਂ ? ਨਹੀਂ ?...ਬੋਲ !

ਪਹਿਲਾ ਦੇਵਤਾ : ਜੀ ਮਹਾਰਾਜ, ਬਿਲਕੁਲ ਠੀਕ ਕਹਿੰਦੇ ਹੋ ! ਤੁਸੀਂ ਤਾਂ ਅੰਤਰਜਾਮੀ ਹੋ

ਬ੍ਰਹਮਾ : ਹਾਂ, ਪਰ ਮੈਂ ਕੇਵਲ ਇੱਛਾ ਨਾਲ ਹੀ ਤੁਹਾਨੂੰ ਚਿੰਤਾਮੁਕਤ ਨਹੀਂ ਕਰ ਸਕਦਾ

ਤੀਸਰਾ ਦੇਵਤਾ : ਇਹ ਵੀ ਠੀਕ ਹੈ, ਪ੍ਰਜਾਪਤੀ ਜੀ

ਬ੍ਰਹਮਾ : ਤੁਸੀਂ ਵੀ ਮੈਨੂੰ ਨਹੀਂ ਕਰ ਸਕਦੇ

ਪਹਿਲਾ ਦੇਵਤਾ ]
ਦੂਸਰਾ ਦੇਵਤਾ ] ਇਹ ਵੀ ਠੀਕ ਹੈ ਜੀ



Sri Satguru Jagjit Singh Ji eLibrary NamdhariElibrary@gmail.com

ਬ੍ਰਹਮਾ : ਮੈਨੂੰ ਪਤਾ ਨਹੀਂ ਕਿ ਤੁਸੀਂ ਮੇਰੇ ਕੋਲ ਕਿਸ ਉਦੇਸ਼ ਨਾਲ ਆਏ ਹੋ !

ਮੈਨੂੰ ਏਨਾ ਅਵਸ਼ ਗਿਆਨ ਹੈ ਕਿ ਤੁਸੀਂ ਲੋਕ ਮੇਰੇ ਕੋਲ ਸੰਕਟ ਵੇਲੇ ਹੀ ਆਉਂਦੇ ਹੋ...ਕੀ ਇਹ ਗੱਲ ਠੀਕ ਨਹੀਂ ?

(ਦੇਵਤੇ ਸਿਰ ਝੁਕਾ ਦਿੰਦੇ ਹਨ, ਪਰ ਬੋਲਦੇ ਨਹੀਂ)

ਜਿਸ ਵੇਲੇ ਹਿਰਣਿਅਕਸ਼ਿਪੂ ਪ੍ਰਿਥਵੀ ਨੂੰ ਚੁਰਾ ਕੇ ਸਾਗਰ ਥੱਲੇ ਲੈ ਗਿਆ ਸੀ, ਤਦ ਵੀ ਤੁਸੀਂ ਇਸੇ ਤਰ੍ਹਾਂ ਹੀ ਚਿੰਤਿਤ ਸਉ...ਨਹੀਂ ਸਉ ?

ਪਹਿਲਾ ਦੇਵਤਾ : ਜੀ, ਤੁਸਾਂ ਠੀਕ ਕਿਹਾ ਹੈ !

ਦਾਨਵ ਹਰ ਵੇਲੇ ਸਾਡੇ ਲਈ ਕੋਈ ਨਾ ਕੋਈ ਸੰਕਟ ਬਣਾਈ ਰਖਦੇ ਨੇ

ਦੂਸਰਾ ਦੇਵਤਾ : ਅਜ ਵੀ ਅਸੀਂ ਬੜੇ ਪਰੇਸ਼ਾਨ ਹਾਂ

ਤੀਸਰਾ ਦੇਵਤਾ : ਅਜ ਵੀ ਬ੍ਰਹਿਮੰਡ ਨੂੰ ਤਬਾਹ ਕਰਨ ਦੀ ਯੋਜਨਾ ਬਣ ਰਹੀ ਹੈ...

ਬ੍ਰਹਮਾ : ਮੈਨੂੰ ਇਸ ਗੱਲ ਦੀ ਸਮਝ ਨਹੀਂ ਆਈ ਕਿ ਤੁਸੀਂ ਲੋਕ ਹਰ ਵੇਲੇ ਵਿਨਾਸ਼ ਬਾਰੇ ਹੀ ਕਿਉਂ ਸੋਚਦੇ ਹੋ ?

ਪਹਿਲਾ ਦੇਵਤਾ : ਜੀ, ਅਸੀਂ ਤਾਂ ਵਿਨਾਸ਼ ਦੇ ਵਿਰੁੱਧ ਹਾਂ

ਦੂਸਰਾ ਦੇਵਤਾ : ਬਲਕਿ ਅਸੀਂ ਹਰੇਕ ਵਿਨਾਸ਼ਕ ਜੀਵ ਦਾ ਹੀ ਵਿਨਾਸ਼ ਕਰ ਦੇਣਾ ਚਾਹੁੰਦੇ ਹਾਂ...ਤਾਂ ਕਿ...

ਬ੍ਰਹਮਾ : ਇਹ ਵੀ ਕੋਈ ਵਧੀਆ ਯੋਜਨਾ ਨਹੀਂ ਹੈ।

ਇਸ ਪ੍ਰਿਥਵੀ ਤੇ ਹਰ ਕਿਸੇ ਨੇ ਰਲ ਮਿਲਕੇ ਜੀਉਣਾ ਹੈ...ਤੁਸੀਂ ਕਿਉਂ ਕਿਸੇ ਦਾ ਵਿਨਾਸ਼ ਕਰੋਗੇ ?

ਤੀਸਰਾ ਦੇਵਤਾ : ਜੀ...ਪਰ ?

ਬ੍ਰਹਮਾ : ਛਲੋ ਛਡੋ ਇਸ ਚਰਚਾ ਨੂੰ !

ਤੁਸੀਂ ਆਪਣੇ ਆਉਣ ਦਾ ਮੰਤਵ ਦਸੋ...ਮੇਰੇ ਕੋਲ ਏਨਾ ਵਿਹਲ ਨਹੀਂ ਕਿ ਬੇਅਰਥ ਦੀ ਚਰਚਾ ਕਰਾਂ

(ਦੇਵਤੇ ਖਾਮੋਸ਼ ਰਹਿੰਦੇ ਹਨ)

ਬੋਲੋ ! ਆਪਣੇ ਦਿਲ ਦੀ ਗੱਲ ਕਰੋ !

ਦੇਰ ਨਾ ਕਰੋ ! ਸਮਾਂ ਬੀਤਦਾ ਜਾ ਰਿਹਾ ਹੈ...ਇਹ ਵੇਲਾ ਮੁੜ ਕੇ ਨਹੀਂ ਆਉਣਾ

ਪਹਿਲਾ ਦੇਵਤਾ : ਜੀ ਅਸੀਂ...

ਬ੍ਰਹਮਾ : ਹਾਂ, ਹਾਂ ਕਹੋ ! ਮੈਂ ਤੁਹਾਡੀ ਹਰ ਗੱਲ ਸੁਣਨ ਲਈ ਤਿਆਰ ਹਾਂ !

ਮੈਨੂੰ ਆਪਣਾ ਪਰਮ ਹਿਤੈਸ਼ੀ ਸਮਝੋ

(ਦੇਵਤਿਆਂ ਵਲ ਗਹੁ ਨਾਲ ਤਕਦਾ ਹੈ)

(ਹੱਸਕੇ) ਮੈਂ ਜਿਹੜੀਆਂ ਹੁਣੇ ਹੀ ਤੁਹਾਨੂੰ ਗੱਲਾਂ ਕਹੀਆਂ, ਉਨ੍ਹਾਂ ਨਾਲ ਤੁਸੀਂ ਘਬਰਾ ਤੇ ਨਹੀਂ ਗਏ ?

ਦੂਸਰਾ ਦੇਵਤਾ : ਜੀ ਨਹੀਂ, ਬਿਲਕੁਲ ਨਹੀਂ

ਬ੍ਰਹਮਾ : ਸੱਚ ਕਹਿੰਦੇ ਹੋ ?

ਤੀਸਰਾ ਦੇਵਤਾ : ਜੀ ਬਿਲਕੁਲ ! ਇਹ ਸੱਚ ਹੈ

ਬ੍ਰਹਮਾ : ਇਹਦਾ ਮਤਲਬ ਇਹ ਹੋਇਆ ਕਿ ਹੁਣ ਤੁਹਾਡੇ ਜਿਹੇ ਦੇਵਤੇ ਵੀ ਸੱਚ ਬੋਲਣ ਲਗ ਪਏ ਨੇ... (ਹੱਸਦਾ ਹੈ)

(ਦੇਵਤੇ ਖਾਮੋਸ਼ ਰਹਿੰਦੇ ਹਨ)

ਭਈ ਮੈਂ ਜਦ ਤੁਹਾਨੂੰ ਕਹਿ ਹੀ ਦਿਤੈ ਕਿ ਮੈਂ ਤੁਹਾਡੀ ਹਰੇਕ ਗੱਲ ਸੁਣਨ ਲਈ ਤਿਆਰ ਹਾਂ...ਫੇਰ ਕਹਿੰਦੇ ਕਿਉਂ ਨਹੀਂ ਦਿਲ ਦੀ ਗੱਲ ?

(ਦੇਵਤੇ ਇਕ ਦੂਸਰੇ ਵਲ ਤਕਦੇ ਹਨ)

ਤੀਸਰਾ ਦੇਵਤਾ : ਮਹਾਪ੍ਰਜਾਪਤੀ ਜੀ ! ਗੱਲ ਇਹ ਹੈ ਕਿ ਅੱਜ ਕਝ ਲੋਕ ਇਸ ਬ੍ਰਹਿਮੰਡ ਨੂੰ ਅਗਨ ਭੇਟ ਕਰ ਦੇਣ ਲਈ ਤੁਲੇ ਹੋਏ ਨੇ

ਬ੍ਰਹਮਾ : (ਪਰੇਸ਼ਾਨ ਹੋਕੇ) ਕਿਉਂ ਭਈ ?

ਦੂਸਰਾ ਦੇਵਤਾ : ਜੀ ਉਨ੍ਹਾਂ ਦੇ ਅੰਦਰ ਨਫਰਤ ਦੀ ਅੱਗ ਭੜਕ ਰਹੀ ਹੈ

ਬ੍ਰਹਮਾ : ਨਫਰਤ ਦੀ ਅੱਗ ਭੜਕਣ ਦਾ ਕੋਈ ਕਾਰਣ ਵੀ ਹੋਵੇ

ਪਹਿਲਾ ਦੇਵਤਾ : ਕਾਰਣ ਵੀ ਹੋਵੇਗਾ...ਪਰ ਇਹਦਾ ਇਹ ਮਤਲਬ ਤਾਂ ਨਹੀਂ ਕਿ ਵਿਸ਼ਵ ਨੂੰ ਹੀ ਤਬਾਹ ਕਰ ਦਿਉ

ਬ੍ਰਹਮਾ : (ਚਿੰਤਿਤ ਹੋਕੇ) ਮੈਂ ਇਹ ਕੁਕਰਮ ਨਹੀਂ ਹੋਣ ਦਿਆਂਗਾ

ਤੀਸਰਾ ਦੇਵਤਾ : ਮਹਾਪ੍ਰਜਾਪਤੀ ਜੀ, ਅਸੀਂ ਵੀ ਇਹੋ ਹੀ ਚਾਹੁੰਦੇ ਹਾਂ ਕਿ ਕੋਈ ਵੀ ਬੰਦਾ ਆਪਣੇ ਅੰਦਰਲੀ ਅਗਨੀ ਨਾਲ ਵਿਸ਼ਵ ਨੂੰ ਤਬਾਹ ਨਾ ਕਰ ਸਕੇ।

ਬ੍ਰਹਮਾ : ਇਸ ਤੋਂ ਵੀ ਪਹਿਲਾਂ ਇਹ ਜਤਨ ਹੋਣਾ ਚਾਹੀਦਾ ਹੈ ਕਿ ਕਿਸੇ ਦੇ ਮਨ ਅੰਦਰ ਨਫਰਤ ਦੀ ਅਗਨੀ ਹੀ ਨਾ ਭੜਕੇ

ਪਹਿਲਾ ਦੇਵਤਾ : ਜੀ, ਇਹ ਤਾਂ ਮੁਸ਼ਕਿਲ ਹੈ

ਬ੍ਰਹਮਾ : ਕਿਉਂ, ਮੁਸ਼ਕਿਲ ਕਿਉਂ ਹੈ ?



Sri Satguru Jagjit Singh Ji eLibrary NamdhariElibrary@gmail.com

ਦੂਸਰਾ ਦੇਵਤਾ : ਮਹਾਪ੍ਰਜਾਪਤੀ ਜੀ, ਸੰਸਾਰੀ ਜੀਵ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਦੇ ਪੁਤਲੇ ਹਨ

ਬ੍ਰਹਮਾ : ਫਿਰ ਕੀ ਹੈ ?

ਤੀਸਰਾ ਦੇਵਤਾ : ਲੋਕ ਕ੍ਰੋਧਵਸ ਦੂਸਰਿਆਂ ਦਾ ਵਿਨਾਸ਼ ਕਰਨ ਤੇ ਤੁਲ ਜਾਂਦੇ ਨੇ

ਬ੍ਰਹਮਾ : ਪਰ ਮੈਂ ਉਨ੍ਹਾਂ ਦੇ ਅੰਦਰ ਵਿਵੇਕ ਦੀ ਜੋਤ ਜੂ ਜਗਾਈ ਹੋਈ ਹੈ...ਧੀਰਜ ਅਤੇ ਸੰਤੋਖ ਵੀ ਮੈਂ ਕਾਫ਼ੀ ਮਾਤਰਾ ਵਿਚ ਦਿਤਾ ਹੋਇਐ...ਫੇਰ ਨਫ਼ਰਤ ਦਾ ਕਾਰਣ ਕੀ ਹੈ ?

ਪਹਿਲਾ ਦੇਵਤਾ : ਪ੍ਰਭੂ, ਫੇਰ ਵੀ ਕੁਝ ਲੋਕ...

ਬ੍ਰਹਮਾ : (ਬੇਸਬਰੀ ਨਾਲ) ਤੁਸੀਂ ਮੈਨੂੰ ਕਿਸੇ ਇਕ ਦਾ ਨਾਂ ਦਸੋ।

ਤੀਸਰਾ ਦੇਵਤਾ : ਜੀ, ਭ੍ਰਿਗੂ ਕੁਲ ਦਾ ਔਰਵ ਹੀ ਵੇਖ ਲਵੋ

ਬ੍ਰਹਮਾ : ਕਿਉਂ ਕੀ ਕੀਤਾ ਹੈ ਔਰਵ ਨੇ ?

ਦੂਸਰਾ ਦੇਵਤਾ : (ਮੱਧਮ ਸੁਰ 'ਚ) ਅਸੀਂ ਤੁਹਾਨੂੰ ਦੱਸ ਨਹੀਂ ਸਕਦੇ

ਬ੍ਰਹਮਾ : ਕਿਉਂ ?

ਪਹਿਲਾ ਦੇਵਤਾ : ਉਹ ਸਾਨੂੰ ਵੀ ਨਸ਼ਟ ਕਰ ਦੇਵੇਗਾ

ਬ੍ਰਹਮਾ : ਕਾਰਣ ?

ਪਹਿਲਾ ਦੇਵਤਾ : ਔਰਵ ਨੇ ਐਲਾਨ ਕੀਤਾ ਹੋਇਐ ਕਿ ਜੋ ਕੋਈ ਉਸ ਦੀ ਵਿਰੋਧਤਾ ਕਰੇਗਾ, ਔਰਵ ਉਸ ਨੂੰ ਨਸ਼ਟ ਕਰ ਦੇਵੇਗਾ

ਬ੍ਰਹਮਾ : ਤਾਂ ਔਰਵ ਏਨਾ ਸ਼ਕਤੀਸ਼ਾਲੀ ਹੋ ਗਿਐ !

ਦੂਸਰਾ ਦੇਵਤਾ : ਜੀ ਮਹਾਰਾਜ, ਇਸ ਤੋਂ ਵੀ ਵਧਕੇ

ਤੀਸਰਾ ਦੇਵਤਾ : ਉਹ ਸਾਨੂੰ ਆਪ ਜੀ ਦੀ ਸਭਾ 'ਚੋਂ ਨਿਕਲਦਿਆਂ ਨੂੰ ਵੀ ਭਸਮ ਕਰ ਸਕਦਾ ਹੈ

(ਤਿੰਨੇ ਹੀ ਦੇਵਤੇ ਘਬਰਾਕੇ ਬਗੀਚੇ ਅਤੇ ਉਸ ਤੋਂ ਪਰੇ ਲਿਸ਼ਕਦੀ ਸਭਾ ਦੀਆਂ ਨਿਗਾਰ ਦੀਵਾਰਾਂ ਵਲ ਤਕਦੇ ਹਨ)

ਬ੍ਰਹਮਾ : ਦੇਵ ਗਣੋ ! ਤੁਸੀਂ ਮੈਨੂੰ ਦਸ ਸਕਦੇ ਹੋ ਕਿ ਔਰਵ ਏਨਾ ਵਿਨਾਸ਼ਕ ਕੰਮ ਕਿਉਂ ਕਰ ਰਿਹਾ ਹੈ ?

(ਦੇਵਤੇ ਇਕ ਦੂਸਰੇ ਵਲ ਤਕਦੇ ਹਨ)

ਤੁਸੀਂ ਘਬਰਾ ਰਹੇ ਹੋ ?

ਪਹਿਲਾ ਦੇਵਤਾ : ਜੀ ਹਾਂ

ਦੂਸਰਾ ਦੇਵਤਾ : ਅਸੀਂ ਕਿਤੇ ਵੀ ਸੁਰਖਿਅਤ ਨਹੀਂ

ਬ੍ਰਹਮਾ : ਕਿਉਂ ?

ਤੀਸਰਾ ਦੇਵਤਾ : ਕਿਉਂਕਿ ਹਰ ਕੋਈ ਔਰਵ ਤੋਂ ਡਰ ਰਿਹਾ ਹੈ

ਬ੍ਰਹਮਾ : ਕੀ ਉਹ ਸਚਮੁਚ ਏਨਾ ਹੀ ਸ਼ਕਤੀਸ਼ਾਲੀ ਬਣ ਗਿਆ ਹੈ ?

ਤੀਸਰਾ ਦੇਵਤਾ : ਜੀ ਹਾਂ, ਮਹਾ ਪ੍ਰਜਾਪਤੀ ਜੀ, ਵਿਨਾਸ਼ ਕਰਨ ਵਾਲਾ ਸ਼ਕਤੀਸ਼ਾਲੀ ਹੁੰਦਾ ਹੀ ਹੈ

ਬ੍ਰਹਮਾ : ਮੈਨੂੰ ਇਹ ਗੱਲ ਸਮਝ ਨਹੀਂ ਆਈ ਦੇਵ ਗਣੋ ! ਵਿਨਾਸ਼ ਕਰਨ ਵਾਲੇ ਕੋਲ ਸ਼ਕਤੀ ਕਿਵੇਂ ਹੋ ਸਕਦੀ ਹੈ ?

(ਦੇਵਤੇ ਘਬਰਾਕੇ ਬ੍ਰਹਮਾਜੀ ਵਲ ਤਕਦੇ ਹਨ)

ਸਗੋਂ ਮੈਂ ਸਮਝਦਾ ਹਾਂ ਕਿ ਵਿਨਾਸ਼ਕਾਰੀ ਕੰਮ ਕਰਨ ਵਾਲੇ ਕੋਲ ਸ਼ਕਤੀ ਹੋ ਹੀ ਨਹੀਂ ਸਕਦੀ। ਸ਼ਕਤੀ ਤਾਂ ਇਕ ਉਸਾਰੂ ਤੱਤ ਹੈ ਜ਼ਿੰਦਗੀ ਦਾ। ਤੇ ਜਿਹੜਾ ਬੰਦਾ ਜ਼ਿੰਦਗੀ ਵਿਚ ਉਸਾਰੂ ਕੰਮ ਕਰਦਾ ਹੈ, ਉਹੋ ਹੀ ਸ਼ਕਤੀਸ਼ਾਲੀ ਹੋ ਸਕਦਾ ਹੈ...ਅਤੇ ਤੁਸੀਂ ਕਹਿ ਰਹੇ ਹੋ ਕਿ ਵਿਨਾਸ਼ਕਾਰੀ ਮਨੁੱਖ ਹੀ ਸ਼ਕਤੀਸ਼ਾਲੀ ਬਣ ਗਏ ਹਨ...ਮੈਂ ਕਿਵੇਂ ਮੰਨ ਲਵਾਂ ਇਹ ਗੱਲ...?

ਪਹਿਲਾ ਦੇਵਤਾ : ਜੀ, ਇਹ ਗੱਲ ਠੀਕ ਹੈ

ਦੂਸਰਾ ਦੇਵਤਾ : ਜੀ ਬਿਲਕੁਲ, ਮੈਂ ਵੀ ਇਹੋ ਹੀ ਮਹਿਸੂਸ ਕਰਨ ਲਗ ਪਿਆ ਹਾਂ। ਔਰਵ ਇਸੇ ਤਰ੍ਹਾਂ ਦਾ ਹੀ ਬੰਦਾ ਹੈ

ਬ੍ਰਹਮਾ : ਪਰ ਕਿਉਂ ?

ਮੈਨੂੰ ਤੁਹਾਡੀ ਗੱਲ ਸਮਝ ਨਹੀਂ ਆਈ

ਪਹਿਲਾ ਦੇਵਤਾ : ਮਹਾ ਪ੍ਰਜਾਪਤੀ ਜੀ, ਔਰਵ ਦੇ ਮੂੰਹ ਵਿਚੋਂ ਅੱਗ ਦੇ ਭਾਂਬੜ ਨਿਕਲ ਰਹੇ ਨੇ

ਬ੍ਰਹਮਾ : ਹੈਰਾਨੀ ਹੈ

ਤੀਸਰਾ ਦੇਵਤਾ : ਅਗਨੀ ਦੇ ਭਾਂਬੜਾਂ ਨਾਲ ਉਹ ਹਰ ਕਿਸੇ ਨੂੰ ਭਸਮ ਕਰਦਾ ਜਾ ਰਿਹੈ

(ਬ੍ਰਹਮਾ ਜੀ ਗੰਭੀਰ ਮੁਦਰਾ ਵਿਚ ਵਿਚਾਰ ਮਗਨ ਹੋ ਜਾਂਦੇ ਹਨ)

ਦੂਸਰਾ ਦੇਵਤਾ : ਮਹਾ ਪ੍ਰਜਾਪਤੀ ਜੀ ! ਤੁਸੀਂ ਕੁਝ ਕਰੋ। ਨਹੀਂ ਤਾਂ ਔਰਵ ਆਪਣੀਆਂ ਵਿਨਾਸ਼ਕਾਰੀ ਸ਼ਕਤੀ-ਮੀਆਂ ਨਾਲ ਵਿਸ਼ਵ ਨੂੰ ਹੀ ਭਸਮ ਕਰ ਦੇਵੇਗਾ

ਬ੍ਰਹਮਾ : (ਮੁਸਕਰਾਕੇ) ਮੈਂ ਕੀ ਕਰ ਸਕਦਾ ਹਾਂ ?

ਪਹਿਲਾ ਦੇਵਤਾ : ਮਹਾ ਪ੍ਰਜਾਪਤੀ ਜੀ, ਤੁਸੀਂ ਸਭ ਕੁਝ ਹੀ ਕਰ ਸਕਦੇ ਹੋ



Sri Satguru Jagjit Singh Ji eLibrary NamdhariElibrary@gmail.com

ਬ੍ਰਹਮਾ : ਕਿਵੇਂ ? ਦਸੋ ਮੈਨੂੰ ?

ਦੂਸਰਾ ਦੇਵਤਾ : ਤੁਸੀਂ ਉਸ ਨੂੰ ਸਮਝਾਵੋ, ਮਹਾਰਾਜ।

ਬ੍ਰਹਮਾ : ਮੈਂ ਕਿਸ-ਕਿਸ ਨੂੰ ਸਮਝਾਵਾਂ ?

ਮੈਂ ਹਰੇਕ ਦੀ, ਸਾਤਵਿਕ ਬਿਰਤੀਆਂ ਨਾਲ ਸਾਜਨਾ ਕਰਦਾ ਹਾਂ, ਪਰ ਲੋਕ ਛੋਟੀਆਂ ਛੋਟੀਆਂ ਗੱਲਾਂ ਕਾਰਨ ਇਕ-ਦੂਸਰੇ ਨੂੰ ਤਬਾਹ ਕਰਨ ਲਈ ਤੁਲ ਜਾਂਦੇ ਨੇ...ਮੈਂ ਕੀ ਕਰਾਂ ?

ਤੀਸਰਾ ਦੇਵਤਾ : ਮਹਾ ਪ੍ਰਜਾਪਤੀ ਜੀ, ਤੁਸੀਂ ਲੋਕਾਂ ਨੂੰ ਚੰਗੇ ਬੁਰੇ ਦੀ ਸੋਝੀ ਦਿਉ

ਬ੍ਰਹਮਾ : ਹਰ ਕਿਸੇ ਨੂੰ ਇਸ ਗੱਲ ਦੀ ਸੋਝੀ ਹੈ...ਕਿਉਂਕਿ ਹਰ ਕੋਈ ਵਿਵੇਕਸ਼ੀਲ ਹੈ...ਗਿਆਨ ਦਾ ਤੱਤ ਹਰ ਕਿਸੇ ਦੇ ਅੰਦਰ ਹੈ।

ਤੁਹਾਡੇ ਇਲਾਵਾ ਦੇਵਤਿਉ ! ਵਿਵੇਕਸ਼ੀਲਤਾ ਦਾ ਵਰਦਾਨ ਵਿਸ਼ਵ ਵਿਚ ਕੇਵਲ ਮਨੁਖ ਕੋਲ ਹੀ ਹੈ... ਪਰ ਮਨੁਖ ਕਰੋਧਵਸ ਵਿਵੇਕ ਨੂੰ ਭੁੱਲ ਜਾਂਦਾ ਹੈ... ਤੁਹਾਡੇ ਵਾਂਗ ਹੀ...

(ਹਸਦਾ ਹੈ)

ਦਸੋ, ਮੈਂ ਕਿਸ-ਕਿਸ ਨੂੰ ਸਮਝਾਵਾਂਗਾ ?

ਪਹਿਲਾ ਦੇਵਤਾ : ਜੀ, ਪਰ ਔਰਵ ਨੂੰ ਤੁਸੀਂ ਅਵਸ਼ ਸਮਝਾਵੋ ...ਨਹੀਂ ਤਾਂ ਉਹ ਤੁਹਾਡੀ ਸਮੁਚੀ ਘਾਲ-ਕਮਾਈ ਨੂੰ ਕੁਝ ਦਿਨਾਂ ਵਿਚ ਹੀ ਭਸਮ ਕਰ ਦੇਵੇਗਾ। ਫੇਰ ਬ੍ਰਹਿਮੰਡ ਵਿਚ ਸੁੰਨ ਫੈਲ ਜਾਵੇਗੀ...

ਦੂਸਰਾ ਦੇਵਤਾ : ਅਜ ਕਲ ਲੋਕ ਡਰਦੇ ਹੋਏ ਘਰਾਂ ਤੋਂ ਬਾਹਰ ਨਹੀਂ ਨਿਕਲਦੇ...ਔਰਵ ਕਿਸੇ ਨੂੰ ਵੀ ਨਹੀਂ ਬਖਸ਼ਦਾ...

ਔਹ ਜਿਨ੍ਹੇ ਫਿਰ 'ਚ ਅਸੀਂ ਤੁਹਾਡੇ ਨਾਲ ਗੱਲਾਂ ਕੀਤੀਆਂ ਨੇ, ਔਰਵ ਨੇ ਕਈ ਨਗਰ ਤਬਾਹ ਕਰ ਦਿਤੇ ਹੋਣਗੇ...ਸੁਹਾਵਾ ਉਜਾੜ ਦਿਤੇ ਹੋਣਗੇ... ਅਤੇ...

ਬ੍ਰਹਮਾ : ਤੁਸੀਂ ਉਸ ਦਾ ਮੁਕਾਬਲਾ ਕਰੋ

ਤੀਸਰਾ ਦੇਵਤਾ : ਉਹ ਵਿਵੇਕ ਦੀ ਕੋਈ ਗੱਲ ਨਹੀਂ ਸੁਣਦਾ, ਕੀ ਕਰੀਏ ?

ਬ੍ਰਹਮਾ : ਤੁਸੀਂ ਉਸ ਨੂੰ ਘੇਰ ਲਵੋ

ਪਹਿਲਾ ਦੇਵਤਾ : ਕੋਈ ਮਨੁਖ ਉਹਦੇ ਨੇੜੇ ਨਹੀਂ ਜਾ ਸਕਦਾ, ਮਹਾਰਾਜ।

ਦੂਸਰਾ ਦੇਵਤਾ : ਕਿਉਂਕਿ ਉਹ ਆਪਣੇ ਮੂੰਹ ਦੇ ਲਾਂਬੂ ਨਾਲ ਬੰਦਿਆਂ ਨੂੰ ਦੂਰੋਂ ਹੀ ਤਬਾਹ ਕਰ ਦਿੰਦਾ ਹੈ

ਬ੍ਰਹਮਾ : ਤਦ ਫੇਰ...! ਫੇਰ ਕੀ ਹੋ ਸਕਦੈ ?

ਤੀਸਰਾ ਦੇਵਤਾ : ਮਹਾ ਪ੍ਰਜਾਪਤੀ ਜੀ, ਤੁਸੀਂ ਉਹਨੂੰ ਬੁਲਾਕੇ ਸਮਝਾਵੋ।...ਅਸੀਂ ਫੇਰ ਕਹਿੰਦੇ ਹਾਂ

ਪਹਿਲਾ ਦੇਵਤਾ : ਹੁਣ ਹੋਰ ਕੋਈ ਚਾਰਾ ਨਹੀਂ

ਦੂਸਰਾ ਦੇਵਤਾ : ਤੁਹਾਡਾ ਬੜਾ ਤਪਤੇਜ ਹੈ। ਹਰ ਕੋਈ ਤੁਹਾਡੀ ਗੱਲ ਮੰਨਦਾ ਹੈ। ਸਾਨੂੰ ਵਿਸ਼ਵਾਸ ਹੈ ਔਰਵ ਵੀ ਤੁਹਾਡੀ ਗੱਲ ਮੰਨ ਜਾਵੇਗਾ

ਬ੍ਰਹਮਾ : ਠੀਕ ਹੈ...ਮੈਂ ਤੁਹਾਡੀ ਗੱਲ ਸੁਣ ਲਈ ਹੈ... ਤੁਸੀਂ ਜਾਵੋ

ਪਹਿਲਾ ਦੇਵਤਾ : ਪਰ ਜੀ...ਔਰਵ ?

ਬ੍ਰਹਮਾ : ਉਹ ਤੁਹਾਨੂੰ ਤੰਗ ਨਹੀਂ ਕਰੇਗਾ।

ਮੈਂ ਤੁਹਾਡੇ ਨਾਲ ਅੰਗ-ਰਖਿਅਕ ਭੇਜ ਦਿੰਦਾ ਹਾਂ... ਜਾਉ !

ਤੀਸਰਾ ਦੇਵਤਾ : ਜੀ, ਪਰ ਸਮੱਸਿਆ ਦਾ ਸਮਾਧਾਨ ਵੀ ਤਾਂ ਕਰੋ। ਅੰਗ-ਰਖਿਅਕ ਹੀ ਤਾਂ ਨਹੀਂ ਸਾਨੂੰ ਬਚਾ ਸਕਦੇ।

ਬ੍ਰਹਮਾ : (ਮੁਸਕਰਾਕੇ) ਮੈਂ ਹੁਣੇ ਹੀ ਔਰਵ ਨੂੰ ਬੁਲਾਉਂਦਾ ਹਾਂ...ਤੁਸੀਂ ਵਿਚਲਿਤ ਨਾ ਹੋਵੋ। ਕੇਵਲ ਡੰਡੇ ਨਾਲ ਵਿਨਾਸ਼ਕਾਰੀ ਬੰਦੇ ਨੂੰ ਖਤਮ ਨਹੀਂ ਕੀਤਾ ਜਾ ਸਕਦਾ।...ਇਹ ਗੱਲ ਸਦਾ ਚੇਤੇ ਰਖੋ !

ਤੀਸਰਾ ਦੇਵਤਾ : ਜੀ...ਪਰ ?

ਬ੍ਰਹਮਾ : ਮੈਂ ਔਰਵ ਦੀ ਵੇਦਨ ਵੀ ਸੁਣਾਂਗਾ, ਫੇਰ ਹੀ ਉਹਨੂੰ ਕੋਈ ਗੱਲ ਕਹਿ ਸਕਾਂਗਾ। ਮੈਨੂੰ ਲਗਦੈ ਕਿ ਉਹ ਵੀ ਜ਼ਰੂਰ ਕਿਸੇ ਹੱਥੋਂ ਘਾਇਲ ਹੋਇਆ ਹੋਵੇਗਾ।... ਵਿਨਾਸ਼ਕਾਰੀ ਕੋਈ ਐਵੇਂ ਹੀ ਨਹੀਂ ਬਣ ਜਾਂਦਾ... ਉਹਦੇ ਅੰਦਰ ਜ਼ਰੂਰ ਕੋਈ ਦੁਖ ਹੁੰਦੈ।

ਇਸ ਲਈ, ਇਸ ਸਮੱਸਿਆ ਬਾਰੇ ਹਮਦਰਦੀ ਨਾਲ ਸੋਚਣ ਦੀ ਲੋੜ ਹੈ

ਦੇਵਤੇ : ਫੇਰ, ਸਾਨੂੰ ਇਜਾਜ਼ਤ ਹੈ ਜੀ ?

ਬ੍ਰਹਮਾ : ਹਾਂ, ਤੁਸੀਂ ਜਾਵੋ

ਦੇਵਤੇ : ਚੰਗਾ ਜੀ, ਨਮਸਕਾਰ

(ਦੇਵਤੇ ਨਮਸਕਾਰ ਕਰਕੇ ਜਾਣ ਲਈ ਮੁੜ ਪੈਂਦੇ ਹਨ)



Sri Satguru Jagjit Singh Ji eLibrary NamdhariElibrary@gmail.com

ਬ੍ਰਹਮਾ : ਰੁਕੋ !

(ਦੇਵਤੇ ਮੁੜ ਕੇ ਬ੍ਰਹਮਾਜੀ ਵੱਲ ਤਕਦੇ ਹਨ)

ਇਕ ਗੱਲ ਦਾ ਖਿਆਲ ਰਖਿਉ !

ਦੇਵਤੇ : ਜੀ...ਕਿਹੜੀ ?

ਬ੍ਰਹਮਾ : ਇਥੇ ਆਪਣੇ 'ਚ ਜਿਹੜੀਆਂ ਗੱਲਾਂ ਹੋਈਆਂ, ਇਨ੍ਹਾਂ ਦਾ ਔਰਵ ਜਾਂ ਕਿਸੇ ਹੋਰ ਨੂੰ ਪਤਾ ਨਾ ਲਗੇ ...ਨਹੀਂ ਤਾਂ ਉਹ ਮੇਰੇ ਕੋਲ ਆਉਣ ਤੋਂ ਇਨਕਾਰ ਕਰ ਦੇਵੇਗਾ...ਉਹ ਮੈਨੂੰ ਤੁਹਾਡੇ ਵਲ ਸਮਝੇਗਾ... ਮੈਂ ਹਰ ਹਾਲਤ 'ਚ ਨਿਰਪੱਖ ਰਹਿਣਾ ਚਾਹੁੰਦਾ ਹਾਂ। ਬਲਕਿ ਮੈਂ ਨਿਰਪੱਖ ਹੀ ਹਾਂ।

ਕੇਵਲ ਨਿਰਪੱਖ ਬੰਦਾ ਹੀ ਸੁਲਾਹ-ਸਫਾਈ ਕਰਾਣ 'ਚ ਸਫਲ ਹੋ ਸਕਦਾ ਹੈ।...ਮੇਰੇ ਲਈ ਔਰਵ ਵੀ ਤੁਹਾਡੇ ਵਰਗਾ ਹੀ ਹੈ

ਦੇਵਤੇ : (ਝੁਕਕੇ) ਸਤਿ ਬਚਨ ਜੀ।

ਬ੍ਰਹਮਾ : ਹੁਣ ਤੁਸੀਂ ਜਾਵੋ !

ਮੈਨੂੰ ਵਿਸ਼ਵਾਸ ਹੈ ਕਿ ਔਰਵ ਮੇਰੀ ਗੱਲ ਜ਼ਰੂਰ ਸੁਣ ਲਵੇਗਾ

ਦੇਵਤੇ : ਸਤਿਬਚਨ।

(ਦੇਵਤੇ ਸਿਰ ਨਿਵਾਕੇ ਬਗੀਚੇ ਵਿਚੋਂ ਬਾਹਰ ਵਲ ਟੁਰ ਪੈਂਦੇ ਹਨ)

ਬ੍ਰਹਮਾ : (ਮਨ ਹੀ ਮਨ 'ਚ) ਸਰਸਵਤੀ ਦੀ ਬੇਚੈਨੀ ਦਾ ਕਾਰਨ ਮੈਨੂੰ ਹੁਣ ਸਮਝ ਆ ਰਿਹਾ ਹੈ।

ਪਤਾ ਨਹੀਂ ਔਰਵ ਕਿਉਂ ਮਾਰਧਾੜ ਤੇ ਤੁਲਿਆ ਹੋਇਐ ?

ਮੈਂ ਹੁਣੇ ਹੀ ਔਰਵ ਨੂੰ ਬੁਲਾਉਂਦਾ ਹਾਂ। ਭ੍ਰਿਗੂਵੰਸੀ ਲੋਕ ਤਾਂ ਬੜੇ ਸਾਤਵਿਕ ਭਾਵਨਾ ਵਾਲੇ ਸਨ...ਪਰ ਜਦੋਂ ਤਕ ਔਰਵ ਦੇ ਮੂੰਹ ਨੂੰ ਨਫਰਤ ਦੀ ਅੱਗ ਲਗੀ ਰਹੇਗੀ, ਵਿਸ਼ਵ ਵਿਚ ਸਭਿਆਚਾਰ ਦਾ ਵਿਕਾਸ ਨਹੀਂ ਹੋ ਸਕਣਾ। ਕਲਾ, ਸਾਹਿਤ ਅਤੇ ਸੰਗੀਤ ਨੂੰ ਤਾਂ ਔਰਵ ਇਕੋ ਭਬੂਕੇ ਨਾਲ ਭਸਮ ਕਰ ਦੇਵੇਗਾ।

(ਬੇਚੈਨੀ ਨਾਲ)

ਫੇਰ ਫਸਾਦ ਹੋਣਗੇ...ਔਰਤਾਂ ਦੇ ਸਤਰੰਗ ਹੋਣਗੇ... ਅਤੇ ਮਨੁਖੀ ਜੀਵਨ ਦਾ ਅਪਮਾਨ ਹੋਵੇਗਾ...ਘੋਰ ਅਪਮਾਨ।

ਔਰਵ ਸ੍ਰਿਸ਼ਟੀ ਦੇ ਰਚਨਾਤਮਕ ਕਾਰਜ ਨੂੰ ਹੀ ਖਤਮ ਕਰਕੇ ਛਡੇਗਾ।

(ਉਤੇਜਤ ਹੋਕੇ)

ਪਰ ਮੈਂ ਇੰਜ ਨਹੀਂ ਹੋਣ ਦਿਆਂਗਾ। ਬਿਲਕੁਲ ਨਹੀਂ,

ਸ੍ਰਿਸ਼ਟੀ ਨੂੰ ਕੋਣ ਤਬਾਹ ਕਰ ਸਕਦਾ ਹੈ ?

(ਪਲ ਭਰ ਰੁਕਕੇ)

ਦੁਆਰਪਾਲ ! ਦੁਆਰਪਾਲ ! ਜਲਦੀ ਆਵੋ !

(ਦੁਆਰਪਾਲ ਕਾਹਲੀ ਨਾਲ ਬਗੀਚੇ ਵਿਚ ਆਉਂਦਾ ਹੈ)

ਦੁਆਰਪਾਲ : ਸੇਵਾਦਾਰਾਂ ਨੂੰ ਕਹੋ, ਔਰਵ ਨਾਂ ਦੇ ਵਿਅਕਤੀ ਨੂੰ ਲਭ ਕੇ ਲਿਆਉਣ ! ਇਹ ਬਹੁਤ ਜ਼ਰੂਰੀ ਹੈ ! ਮੈਂ ਹੁਣੇ ਹੀ ਉਹਨੂੰ ਮਿਲਣਾ ਚਾਹੁੰਦਾ ਹਾਂ

(ਦੁਆਰਪਾਲ ਚਲਣ ਲਈ ਮੁੜਦਾ ਹੈ)

ਰੁਕੋ !

(ਦੁਆਰਪਾਲ ਰੁਕ ਕੇ ਬ੍ਰਹਮਾ ਜੀ ਵਲ ਤਕਦਾ ਹੈ)

ਸੇਵਾਦਾਰਾਂ ਨੂੰ ਕਹੋ, ਜੇਕਰ ਔਰਵ ਆਉਣ ਤੋਂ ਇਨਕਾਰ ਵੀ ਕਰੇ, ਤਦ ਵੀ ਲੈਕੇ ਆਉਣ। ਕਹਿਣ, ਮੇਰਾ ਹੁਕਮ ਹੈ ! ਔਰਵ ਜ਼ਰੂਰ ਆਵੇ ! ਉਹਦਾ ਮੇਰੇ ਕੋਲ ਆਉਣਾ ਬਹੁਤ ਜ਼ਰੂਰੀ ਹੈ...

(ਦੁਆਰਪਾਲ ਚਲਾ ਜਾਂਦਾ ਹੈ)

ਹਰ ਰੋਜ਼ ਨਵਾਂ ਸੰਕਟ ! ਨਵੀਂ ਸਮੱਸਿਆ ! ਇਹ ਸ੍ਰਿਸ਼ਟੀ ਵੀ ਇਕ ਅਜੀਬ ਗੋਰਖ ਧੰਦਾ ਹੈ। ਪਤਾ ਨਹੀਂ ਲੋਕਾਂ ਨੂੰ ਇਕਸੁਰਤਾ ਦੀ ਭਾਵਨਾ ਨਾਲ ਰਹਿਣ ਦੀ ਜਾਚ ਕਦੋਂ ਆਵੇਗੀ ?

(ਬ੍ਰਹਮਾ ਜੀ ਖਾਮੋਸ਼ ਹੋਕੇ ਸੁਣਦੇ ਹਨ, ਮਨੋਵਤੀ ਸਭਾ ਦੇ ਪਰਲੇ ਪਾਰ ਭੀੜ ਦੀ ਹੋ-ਹੋ ਅਤੇ ਫਸਾਦੀਆਂ ਦੀਆਂ ਆਵਾਜ਼ਾਂ ਦੇ ਸ਼ੋਰ ਦੀ ਗੂੰਜ ਫੈਲਦੀ ਜਾ ਰਹੀ ਹੈ)

ਬ੍ਰਹਮਾ : ਫਸਾਦੀ ਮੇਰੇ ਦਰਵਾਜ਼ੇ ਤਕ ਵੀ ਪੁਜ ਗਏ ਲਗਦੇ ਨੇ...

(ਬ੍ਰਹਮਾ ਜੀ ਸੁਣਨ ਦਾ ਜਤਨ ਕਰਦੇ ਹਨ ਕਿ ਲੋਕ ਕੀ ਕਹਿ ਰਹੇ ਹਨ, ਕਿਹੜੀ ਬੋਲੀ ਬੋਲ ਰਹੇ ਹਨ, ਪਰ ਭੀੜ ਦੀਆਂ ਆਵਾਜ਼ਾਂ ਇਸ ਤਰ੍ਹਾਂ ਆਪਸ ਵਿਚ ਰਲ-ਮਿਲ ਹੋ ਗਈਆਂ ਹਨ ਕਿ ਕੁਝ ਵੀ ਸਾਫ-ਸਾਫ ਸੁਣਾਈ ਨਹੀਂ ਦਿੰਦਾ)



Sri Satguru Jagjit Singh Ji eLibrary NamdhariElibrary@gmail.com

ਇਹ ਮਾਹਪਾਪ ਮੈਂ ਕਦੀ ਵੀ ਬਰਦਾਸ਼ਤ ਨਹੀਂ ਕਰਾਂਗਾ। ਇਹ ਔਹਦ ਆਪਣੇ ਆਪ ਨੂੰ ਸਮਝਦਾ ਕੀ ਹੈ? ਮੈਂ ਅੱਜ ਹੀ ਉਹਨੂੰ ਠੀਕ ਕਰ ਦਿਆਂਗਾ

(ਸਰਸਵਤੀ ਦਾ ਪ੍ਰਵੇਸ਼)

ਸਰਸਵਤੀ : ਪ੍ਰਜਾਪਤੀ ਜੀ, ਸੁਣ ਰਹੇ ਹੋ ਨਾ ਇਹ ਵਿਕਰਾਲ ਆਵਾਜ਼ਾਂ ?

ਬ੍ਰਹਮਾ : (ਘਬਰਾਕੇ) ਹਾਂ, ਸੁਣ ਰਿਹਾ ਹਾਂ ਸਰਸਵਤੀ !

ਸਰਸਵਤੀ : ਮੈਂ ਇਨ੍ਹਾਂ ਵਿਕਰਾਲ ਆਵਾਜ਼ਾਂ ਤੋਂ ਹੀ ਕਸਾਈ ਲੋਕਾਂ ਦੇ ਕੋਝਿਆਲੇ ਚਿਹਰੇ ਮਹਿਸੂਸ ਕਰ ਰਹੀ ਹਾਂ

ਬ੍ਰਹਮਾ : ਪਰ ਤੈਨੂੰ ਕਾਹਦੀ ਘਬਰਾਹਟ ਹੈ ?

ਸਰਸਵਤੀ : ਘਬਰਾਹਟ ਤਾਂ ਹੈ ਹੀ ਮਹਾਰਾਜ

ਬ੍ਰਹਮਾ : ਪਰ ਕਾਹਦੀ ?

ਸਰਸਵਤੀ : ਪ੍ਰਜਾਪਤੀ ਜੀ, ਤੁਹਾਨੂੰ ਚੇਤੇ ਹੋਵੇਗਾ, ਇਸ ਸ੍ਰਿਸ਼ਟੀ ਦੀ ਸਿਰਜਣਾ ਕਰਕੇ ਤੁਸੀਂ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਸੀ ਹੋਏ। ਬਲਕਿ ਤੁਸੀਂ ਬੜੇ ਹੀ ਉਦਾਸ ਸਉ...ਤੇ ਮੈਂ ਤੁਹਾਨੂੰ ਉਦਾਸੀ ਦਾ ਕਾਰਣ ਪੁਛਿਆ ਤਾਂ ਤੁਸਾਂ ਕਿਹਾ ਸੀ—ਸਰਸਵਤੀ ! ਕੀ ਤੂੰ ਨਹੀਂ ਵੇਖ ਰਹੀ, ਸੰਸਾਰ ਦੇ ਲੋਕਾਂ ਲਈ ਮੈਂ ਏਨੀ ਸੁੰਦਰਤਾ ਅਤੇ ਦਿਲਕਸ਼ੀ ਪੈਦਾ ਕੀਤੀ ਹੈ, ਪਰ ਫੇਰ ਵੀ ਲੋਕ ਕਿਸੇ ਚੀਜ਼ ਵਲ ਧਿਆਨ ਨਹੀਂ ਦਿੰਦੇ। ਸਗੋਂ ਇਹ ਲੋਕ ਬਹੁਤ ਹੀ ਵਹਿਸ਼ੀ ਕਿਸਮ ਦਾ ਵਰਤਾਰਾ ਕਰ ਰਹੇ ਨੇ...?

ਬ੍ਰਹਮਾ : ਹਾਂ, ਮੈਨੂੰ ਚੇਤੇ ਹੈ, ਸਰਸਵਤੀ !

(ਇਕ ਪਲ ਰੁਕ ਕੇ)

ਮੈਂ ਤੈਨੂੰ ਇਹ ਵੀ ਪੁਛਿਆ ਸੀ—ਏਨੀ ਸੁੰਦਰਤਾ ਦਾ ਕੀ ਲਾਭ ਹੈ ਸਰਸਵਤੀ ?

ਸਰਸਵਤੀ : ਤੇ ਮੈਂ ਪੁਛਿਆ ਸੀ—ਪ੍ਰਜਾਪਤੀ ਜੀ, ਇਸ ਸੁੰਦਰਤਾ ਦਾ ਲਾਭ ਕਿਉਂ ਨਹੀਂ ?

ਬ੍ਰਹਮਾ : ਹਾਂ, ਉਦੋਂ ਮੈਂ ਇਹ ਗੱਲ ਸੋਚਦਾ ਸਾਂ ਸਰਸਵਤੀ ! ਮੇਰੇ ਸਿਰਜੇ ਹੋਏ ਬੰਦੇ ਵਾਤਾਵਰਣ ਦੀ ਸੁੰਦਰਤਾ ਅਤੇ ਦਿਲਕਸ਼ੀ ਨੂੰ ਵੇਖਕੇ ਚਹਿਕਦੇ ਕਿਉਂ ਨਹੀਂ ?...ਉਹ ਬੇਦਿਲੇ ਅਤੇ ਬੇਰਹਿਮ ਕਿਉਂ ਨੇ ?

ਸਰਸਵਤੀ : ਤਦ ਮੈਂ ਤੁਹਾਡੇ ਕੋਲੋਂ ਕੁਝ ਸਮਾਂ ਮੰਗਿਆ ਸੀ, ਜਿਸ ਵਿਚ ਮੈਂ ਮਨੁੱਖਾਂ ਦੇ ਦਿਲ-ਦਿਮਾਗ ਵਿਚ ਸੋਹਜਪੂਰਣ ਭਾਵਨਾਵਾਂ ਦਾ ਵਿਕਾਸ ਕਰਨਾ ਸੀ। ਉਨ੍ਹਾਂ ਦੇ ਦਿਲ ਦੀ ਧੜਕਣ ਨੂੰ ਅਨੁਭੂਤੀਸ਼ੀਲ ਬਣਾਉਣਾ ਸੀ

ਬ੍ਰਹਮਾ : ਉਦੋਂ ਤੇਰੀ ਇਹ ਗੱਲ ਸੁਣਕੇ ਮੈਨੂੰ ਬੜੀ ਹੈਰਾਨੀ ਹੋਈ ਸੀ, ਤੇ ਮੈਂ ਸੋਚਿਆ ਸੀ—ਮੇਰੇ ਕੋਲੋਂ ਕਿਹੜੀ ਘਾਟ ਰਹਿ ਗਈ ਹੈ, ਜਿਸ ਨੂੰ ਸਰਸਵਤੀ ਪੂਰਾ ਕਰੇਗੀ ?

ਸਰਸਵਤੀ : ਮੈਂ ਤੁਹਾਨੂੰ ਕਿਹਾ ਸੀ—ਪ੍ਰਜਾਪਤੀ ਜੀ, ਪਹਿਲਾਂ ਮੈਨੂੰ ਆਪਣਾ ਕੰਮ ਪੂਰਾ ਕਰ ਲੈਣ ਦਿਉ ! ਫੇਰ ਮੈਂ ਤੁਹਾਨੂੰ ਸਾਰੀ ਗੱਲ ਦਸਾਂਗੀ

ਬ੍ਰਹਮਾ : ਮੈਨੂੰ ਇਸ ਗੱਲ ਦਾ ਖਿਆਲ ਨਹੀਂ ਸੀ ਕਿ ਮੇਰੇ ਕੋਲੋਂ ਮਨੁੱਖਾਂ ਦੀ ਬਣਤਰ ਵਿਚ ਕਿਹੜੀ ਘਾਟ ਰਹਿ ਗਈ ਹੈ ?

ਸਰਸਵਤੀ : ਮੈਂ ਲੋਕਾਂ ਦੇ ਮਨਾਂ ਵਿਚ ਸੰਗੀਤ ਅਤੇ ਹੋਰ ਕੋਮਲ ਕਲਾਵਾਂ ਪ੍ਰਤਿ ਅਨੁਭੂਤੀਸ਼ੀਲ ਭਾਵਾਂ ਦਾ ਸੰਚਾਰ ਕਰਕੇ ਤੁਹਾਨੂੰ ਕਿਹਾ ਸੀ—ਪ੍ਰਜਾਪਤੀ ਜੀ ! ਜਦੋਂ ਤਕ ਮਨੁਖ ਕੋਮਲ ਕਲਾਵਾਂ ਨਾਲ ਮੋਹ ਨਹੀਂ ਕਰਦੇ, ਉਹ ਪ੍ਰਕਿਰਤੀ ਅਤੇ ਸੰਸਾਰ ਦੀ ਸੁੰਦਰਤਾ ਦੀ ਪ੍ਰਸ਼ੰਸਾ ਨਹੀਂ ਕਰ ਸਕਦੇ

ਬ੍ਰਹਮਾ : ਤਦ ਮੈਨੂੰ ਲਗਾ ਸੀ ਕਿ ਮੇਰੀ ਸਿਰਜੀ ਹੋਈ ਸ੍ਰਿਸ਼ਟੀ ਸੰਪੂਰਨ ਹੋ ਗਈ ਹੈ...ਪਰ ਮੈਨੂੰ ਕੀ ਪਤਾ ਸੀ ਕਿ ਮਨੁੱਖ ਦੇ ਮਨ ਵਿਚੋਂ ਵਹਿਸ਼ੀਪੁਣਾ ਖਤਮ ਨਹੀਂ ਹੋ ਸਕਦਾ

ਸਰਸਵਤੀ : ਤੇ ਮੈਨੂੰ ਤੁਸੀਂ ਪੁਛਦੇ ਹੋ ਕਿ ਮੈਂ ਪਰੇਸ਼ਾਨ ਕਿਉਂ ਹਾਂ ?

ਬ੍ਰਹਮਾ : ਤਦੋਂ ਹੀ ਮੈਂ ਚਾਹੁੰਦਾ ਰਿਹਾ ਹਾਂ ਕਿ ਤੇਰੀ ਇਸ ਵੀਣਾ ਦਾ ਸੰਗੀਤ ਬ੍ਰਹਿਮੰਡ ਵਿਚ ਹਰ ਵੇਲੇ ਗੂੰਜਦਾ ਹੀ ਰਹੇ। ਲੋਕ ਤੇਰੇ ਗਾਇਨ ਨੂੰ ਸੁਣ ਕੇ ਆਪਣੇ ਆਪਣੇ ਮਨ-ਮਸਤਕ ਵਿਚ ਇਕ ਦੂਸਰੇ ਪ੍ਰਤਿ ਪ੍ਰੇਮ-ਪਿਆਰ ਦੇ ਭਾਵਾਂ ਦਾ ਸੰਚਾਰ ਕਰਦੇ ਹੀ ਰਹਿਣ...ਪਰ

ਸਰਸਵਤੀ : ਪਰ ਹੁਣ ਵੇਖ ਲਵੋ, ਕੀ ਹੋ ਗਿਹਾ ਹੈ ?

ਬ੍ਰਹਮਾ : ਮੈਨੂੰ ਸਦਾ ਹੀ ਇਹ ਵਿਸ਼ਵਾਸ ਰਿਹਾ ਹੈ ਕਿ ਹਰੇਕ ਮਨੁਖ ਆਪਣੀ ਉਸਾਰੂ ਸੋਚ ਨਾਲ ਇਸ ਸ੍ਰਿਸ਼ਟੀ ਨੂੰ ਪਹਿਲਾਂ ਨਾਲੋਂ ਸੁੰਦਰ ਬਣਾਨ ਦੇ ਆਹੁਰ ਵਿਚ ਲਗਾ ਰਹੇਗਾ

ਸਰਸਵਤੀ : ਪਰ ਪ੍ਰਜਾਪਤੀ ਜੀ, ਮਨੁਖ ਤਾਂ ਵਿਨਾਸ਼ਕਾਰੀ ਬਣਦਾ ਜਾ ਰਿਹਾ ਹੈ

ਬ੍ਰਹਮਾ : ਕਿਸੇ ਦੇ ਵਿਨਾਸ਼ਕਾਰੀ ਬਣਨ ਦੇ ਵੀ ਕੁਝ ਕਾਰਣ


Sri Satguru Jagjit Singh Ji eLibrary NamdhariElibrary@gmail.com

ਹੁੰਦੇ ਨੇ ਸਰਸਵਤੀ !...ਅਤੇ ਮੈਂ ਹੁਣ ਉਨ੍ਹਾਂ ਕਾਰਣਾਂ ਨੂੰ ਲਭ ਲਿਆ ਹੈ

ਸਰਸਵਤੀ : (ਉਤੇਜਤ ਹੋਕੇ) ਸੱਚ !

ਬ੍ਰਹਮਾ : ਹਾਂ, ਬਿਲਕੁਲ !

ਸਾਡੇ ਲਈ ਇਹ ਜਾਨਣਾ ਹੀ ਔਖਾ ਕੰਮ ਹੈ ਕਿ ਫਸਾਦੀ ਕੌਣ ਹੈ ?...ਜਦੋਂ ਫਸਾਦੀ ਬਾਰੇ ਪਤਾ ਲਗ ਜਾਵੇ ਤਾਂ ਉਹਦੇ ਨਾਲ ਨਜਿਠਣਾ ਔਖਾ ਕੰਮ ਨਹੀਂ ਹੈ

ਸਰਸਵਤੀ : ਤੁਸੀਂ ਠੀਕ ਕਹਿੰਦੇ ਹੋ

ਬ੍ਰਹਮਾ : ਇਹ ਸਾਰੀ ਮਾਰਧਾੜ ਔਰਵ ਕਰਵਾ ਰਿਹਾ ਹੈ...ਅਤੇ ਮੈਂ ਔਰਵ ਨੂੰ ਇਥੇ ਬੁਲਾਇਆ ਹੈ

ਸਰਸਵਤੀ : ਉਹ ਆ ਜਾਵੇਗਾ ?

ਬ੍ਰਹਮਾ : ਬਿਲਕੁਲ ਆ ਜਾਵੇਗਾ !

(ਹੱਸਦਾ ਹੈ) ਸ਼ਾਇਦ ਤੈਨੂੰ ਪਤਾ ਨਹੀਂ, ਉਹਦੇ ਮੂੰਹ ਨੂੰ ਅੱਗ ਲਗੀ ਹੋਈ ਹੈ !

ਸਰਸਵਤੀ : ਹੈਰਾਨੀ ਹੈ !

ਬ੍ਰਹਮਾ : ਸਰਸਵਤੀ ! ਮੈਂ ਔਰਵ ਨੂੰ ਉਡੀਕ ਰਿਹਾ ਹਾਂ, ਉਹ ਆਵੇਗਾ, ਤੇ ਫੇਰ ਮੈਨੂੰ ਤੇਰੀ ਲੋੜ ਪਵੇਗੀ ! ਇਸ ਲਈ ਤੂੰ ਇਥੇ ਨੇੜੇ ਕਿਤੇ ਹੀ ਰਹੀਂ...

(ਪਲ ਭਰ ਰੁਕ ਕੇ)

ਸਰਸਵਤੀ : ਤੇਰੀ ਸਹਾਇਤਾ ਤੋਂ ਬਗੈਰ ਨਾ ਤੇ ਮੈਂ ਹੀ ਸੁਖੀ ਰਹਿ ਸਕਦਾ ਹਾਂ ਅਤੇ ਨਾ ਹੀ ਮਾਨਵ

ਸਰਸਵਤੀ : ਮੈਂ ਤਾਂ ਆਪਣਾ ਫਰਜ਼ ਹੀ ਨਿਭਾ ਰਹੀ ਹਾਂ, ਮਹਾਰਾਜ !

(ਚਲ ਪੈਂਦੀ ਹੈ)

ਬ੍ਰਹਮਾ : ਜਾਂਦੀ ਜਾਂਦੀ ਤੂੰ ਗੰਧਰਵਾਂ ਨੂੰ ਇਥੇ ਭੇਜ ਜਾਵੀਂ ਸਰਸਵਤੀ !

ਸਰਸਵਤੀ : ਚੰਗਾ ਜੀ...

ਮੈਨੂੰ ਜਿਸ ਵੇਲੇ ਮਰਜ਼ੀ ਬੁਲਾ ਲਵਿਓ !

(ਚਲੀ ਜਾਂਦੀ ਹੈ)

ਬ੍ਰਹਮਾ : ਅੱਜ ਕੋਈ ਫੈਸਲਾ ਹੋਕੇ ਹੀ ਰਹੇਗਾ

(ਗੰਧਰਵਾਂ ਦਾ ਪ੍ਰਵੇਸ਼)

ਗੰਧਰਵ : ਪ੍ਰਜਾਪਤੀ ਜੀ, ਨਮਸਕਾਰ !

ਬ੍ਰਹਮਾ : ਗੰਧਰਵੋ, ਆ ਗਏ ਹੋ !

ਗੰਧਰਵ-੧ : ਹਾਂ, ਮਹਾਰਾਜ

ਗੰਧਰਵ-੨ : ਅਸੀਂ ਤਾਂ ਏਧਰ ਆ ਹੀ ਰਹੇ ਸਾਂ ਜਦੋਂ ਕਿ ਦੇਵੀ ਸਰਸਵਤੀ ਜੀ ਨੇ ਵੀ ਆਪ ਜੀ ਦਾ ਸੁਨੇਹਾ ਦੇ ਦਿਤਾ

ਗੰਧਰਵ-੧ : ਮਹਾਰਾਜ, ਇਥੇ ਤੁਹਾਡੇ ਕੋਲ ਬਗੀਚੇ ਵਿਚ ਪਿੱਪਲ ਦੀ ਹਰਿਔਲ ਥੱਲੇ ਕੁਝ ਠੰਡ ਹੈ, ਪਰ ਮਨੌਵਤੀ ਸਭਾ ਦੇ ਪਰਲੇ ਪਾਰ ਤਾਂ ਅੱਗ ਵਰ੍ਹ ਰਹੀ ਹੈ

ਬ੍ਰਹਮਾ : ਕਿਉਂ ?

ਗੰਧਰਵ-੨ : ਪ੍ਰਜਾਪਤੀ ਜੀ, ਇਹ ਗੱਲ ਸਮਝ ਨਹੀਂ ਆਈ

ਬ੍ਰਹਮਾ : ਪਰ ਤੁਸੀਂ ਤੇ ਬੈਕੁੰਠ ਧਾਮ ਵਿਚ ਰਹਿੰਦੇ ਹੋ... ਤੁਹਾਨੂੰ ਕਾਹਦੀ ਤਕਲੀਫ ਹੈ ?

ਗੰਧਰਵ-੧ : ਅਜ ਵਾਤਾਵਰਣ 'ਚ ਜਿਹੜੀ ਤਪਸ਼ ਮਹਿਸੂਸ ਹੋ ਰਹੀ ਹੈ ਮਹਾਰਾਜ, ਇਹਦਾ ਸੇਕ ਤਾਂ ਬੈਕੁੰਠ ਧਾਮ ਤਕ ਵੀ ਪੁਜ ਰਿਹਾ ਹੈ

ਬ੍ਰਹਮਾ : ਤਦ ਭਗਵਾਨ ਵਿਸ਼ਨੂੰ ਜੀ ਕਿਵੇਂ ਸੌਂ ਰਹੇ ਨੇ ?

ਗੰਧਰਵ-੨ : ਪ੍ਰਜਾਪਤੀ ਜੀ, ਉਹ ਤਾਂ ਦੁਧ ਸਾਗਰ ਥੱਲੇ ਸ਼ੇਸ਼ ਨਾਗ ਦੀ ਸੇਜ ਤੇ ਜਾ ਬਿਰਾਜੇ ਨੇ

ਬ੍ਰਹਮਾ : ਵਾਹਵਾ !

(ਬ੍ਰਹਮਾ ਜੀ ਹੱਸਦੇ ਹਨ)

ਗੰਧਰਵ-੧ : ਪ੍ਰਜਾਪਤੀ ਜੀ, ਸਾਨੂੰ ਸੇਵਾ ਦਸੋ !

ਬ੍ਰਹਮਾ : ਮੈਂ ਤੁਹਾਡਾ ਗਾਇਨ ਸੁਣਨਾ ਚਾਹੁੰਦਾ ਹਾਂ

ਗੰਧਰਵ-੧ : ਪਰ ਤੁਸੀਂ ਤੇ ਬੜੇ ਉਦਾਸ ਜਾਪਦੇ ਹੋ

ਬ੍ਰਹਮਾ : ਇਸੇ ਕਰਕੇ ਹੀ ਮੈਂ ਗਾਇਨ ਸੁਣਨਾ ਹੈ

ਗੰਧਰਵ-੨ : ਪ੍ਰਜਾਪਤੀ ਜੀ ! ਦੇਵੀ ਸਰਸਵਤੀ ਜੀ ਕਹਿ ਰਹੀ ਹੈ ਕਿ ਅੱਜ ਤੁਸਾਂ ਕੁਝ ਖਾਧਾ ਪੀਤਾ ਵੀ ਨਹੀਂ

ਬ੍ਰਹਮਾ : ਜਦੋਂ ਤਕ ਮੈਂ ਔਰਵ ਨਾਲ ਨਹੀਂ ਨਜਿਠ ਲੈਂਦਾ, ਅੰਨ-ਜਲ ਨਹੀਂ ਕਰਨਾ

ਗੰਧਰਵ ੧ : ਪ੍ਰਜਾਪਤੀ ਜੀ, ਫੇਰ ਗਾਇਨ ਸ਼ੁਰੂ ਕਰੀਏ ?

ਬ੍ਰਹਮਾ : ਹਾਂ, ਅਗਨੀ ਦੇਵ ਦੇ ਗੁਣਾਂ ਵਾਲਾ ਸੂਕਤ ਗਾਵੋ

ਗੰਧਰਵ : ਤਦ ਸੁਣੋ ਮਹਾਰਾਜ !

"ਹੇ ਅਗਨੀ ਦੇਵ ! ਜਿਸ ਯੱਗ ਨੂੰ ਤੁਸੀਂ ਚਹੁੰ ਪਾਸਿਉਂ ਘੇਰੀ ਰਖਦੇ ਹੋ, ਉਸ ਵਿਚ ਰਾਖਸ਼ ਆਦਿ ਹਿੰਸਾ ਨਹੀਂ ਕਰ ਸਕਦੇ ! ਉਹੋ ਹੀ ਯੱਗ ਦੇਵਾਂ ਨੂੰ ਤ੍ਰਿਪਤੀ ਦੇਣ ਲਈ ਸਵਰਗ 'ਚ ਜਾਂਦਾ ਅਤੇ ਦੇਵਤਿਆਂ ਦੀ ਨੇੜਤਾ ਪ੍ਰਾਪਤ ਕਰਦਾ ਹੈ !"

ਬ੍ਰਹਮਾ : ਵਾਹਵਾ !

ਗੰਧਰਵ : "ਅਗਨੀ ਸ੍ਰਿਸ਼ਟੀ ਤੋਂ ਪਹਿਲਾਂ ਅਵਿਅਕਤ ਅਤੇ ਸ੍ਰਿਸ਼ਟੀ ਹੋਣ ਤੇ ਵਿਅਕਤ ਹੁੰਦੇ ਹਨ। ਉਹ ਪਰਮਧਾਮ


Sri Satguru Jagjit Singh Ji eLibrary NamdhariElibrary@gmail.com

(ਕਾਰਣਾਤਮਾ) ਵਿਚ ਹਨ । ਉਹ ਆਕਾਸ਼ 'ਤੇ ਸੂਰਜ-ਰੂਪ ਤੋਂ ਪੈਦਾ ਹੁੰਦੇ ਹਨ । ਉਹ ਯੱਗ ਤੋਂ ਵੀ ਪਹਿਲਾਂ ਕਾਇਮ ਸਨ ! ਉਹ ਬਲਦ ਤੇ ਗਊ—ਅਤੇ ਇਸਤ੍ਰੀ-ਪੁਰਸ਼ ਦੋਵੇਂ ਹਨ...''

(ਦੁਆਰਪਾਲ ਆਉਂਦਾ ਹੈ)

ਦੁਆਰਪਾਲ : ਮਹਾਰਾਜ ! ਔਰਵ ਨਾਂ ਦਾ ਇਕ ਮਹਾਬਲੀ ਤੁਹਾਡੇ ਕੋਲ ਆਉਣਾ ਚਾਹੁੰਦਾ ਹੈ

(ਬ੍ਰਹਮਾ ਜੀ ਬਗੀਚੇ ਦੇ ਦੁਆਰ ਵਲ ਤਕਦੇ ਹਨ । ਦੁਆਰ ਦੇ ਬਾਹਰ ਅਗਨੀ ਦਾ ਭਾਂਬੜ ਮਚਿਆ ਹੋਇਆ ਹੈ)

ਬ੍ਰਹਮਾ : ਔਰਵ ਨੂੰ ਅੰਦਰ ਬਗੀਚੇ ਵਿਚ ਆਉਣ ਦਿਉ

ਦੁਆਰਪਾਲ : ਮਹਾਰਾਜ ! ਉਸ ਦੇ ਮੂੰਹ ਵਿਚੋਂ ਤਾਂ ਅੱਗ ਦੇ ਭਾਂਬੜ ਨਿਕਲ ਰਹੇ ਨੇ

ਬ੍ਰਹਮਾ : ਤਦ ਵੀ ਉਹਨੂੰ ਆਉਣ ਦਿਓ

ਦੁਆਰਪਾਲ : ਮਹਾਪ੍ਰਜਾਪਤੀ ਜੀ ! ਔਰਵ ਬੜੇ ਕਰੋਧ ਵਿਚ ਹੈ

ਬ੍ਰਹਮਾ : (ਮੁਸਕਰਾ ਕੇ) ਤਦ ਕੀ ਹੈ...! ਅਸੀਂ ਤਾਂ ਕਰੋਧ ਵਿਚ ਨਹੀਂ ਹਾਂ...ਕਰੋਧ ਉਦੋਂ ਵਿਨਾਸ਼ਕ ਬਣਦਾ ਹੈ, ਜਦੋਂ ਦੋਵੇਂ ਧਿਰਾਂ ਕਰੋਧਵਸ ਵਿਵੇਕਹੀਨ ਹੋ ਜਾਣ ।

(ਜ਼ੋਰ ਨਾਲ)—ਦੁਆਰਪਾਲ !

ਅੰਦਰ ਆਉਣ ਦਿਓ ਔਰਵ ਨੂੰ ! ਘਬਰਾਹਟ ਦੀ ਲੋੜ ਨਹੀਂ !

ਅਸਾਂ ਉਸ ਨੂੰ ਬੁਲਾਇਆ ਹੈ !

ਔਰਵ ਅਜ ਸਾਡਾ ਮਹਿਮਾਨ ਹੈ !

ਉਹ ਆਪਣੇ ਮੂੰਹ ਦੀ ਅੱਗ ਦੇ ਲਾਂਬੂ ਸਮੇਤ ਅੰਦਰ ਆਵੇਗਾ ।

(ਮੁਸਕਰਾ ਕੇ)

ਸਾਨੂੰ ਔਰਵ ਕੋਲੋਂ ਕੋਈ ਭੈ ਨਹੀਂ ...ਮਹਿਮਾਨ ਤੋਂ ਭੈ ਨਹੀਂ ਹੋਣਾ ਚਾਹੀਦਾ !

ਦੁਆਰਪਾਲ : ਸਤਿ ਬਚਨ ! ਮਹਾਰਾਜ,

(ਬ੍ਰਹਮਾ ਜੀ ਸਭਾ ਵਿਚ ਬੈਠੇ ਗੰਧਰਵਾਂ ਵਲ ਤਕਦੇ ਹਨ । ਉਹ ਵੀ ਉਨ੍ਹਾਂ ਦੀ ਹਾਂ ਵਿਚ ਹਾਂ ਮਿਲਾਉਂਦੇ ਹੋਏ ਸਿਰ ਝੁਕਾਉਂਦੇ ਹਨ)

(ਦੁਆਰਪਾਲ ਬਾਹਰ ਚਲਾ ਜਾਂਦਾ ਹੈ ਅਤੇ ਔਰਵ ਬਗੀਚੇ ਅੰਦਰ ਪ੍ਰਵੇਸ਼ ਕਰਕੇ ਬ੍ਰਹਮਾ ਜੀ ਤੋਂ ਕੁਝ ਵਿਥ ਤੇ ਖਲੋ ਜਾਂਦਾ ਹੈ । ਉਸ ਦੇ ਮੂੰਹ ਵਿਚੋਂ ਹਾਲੇ ਤਕ ਵੀ ਅਗਨੀ ਦੇ ਭਬੂਕੇ ਛੁਟ ਰਹੇ ਹਨ ।)

(ਪਲ ਭਰ ਲਈ ਕੋਈ ਵੀ ਕੁਝ ਨਹੀਂ ਬੋਲਦਾ)

ਬ੍ਰਹਮਾ : ਗੰਧਰਵੋ ! ਗਾਇਨ ਜਾਰੀ ਰਖੋ !

ਗੰਧਰਵ ; ਸਤਿਬਚਨ, ਮਹਾਰਾਜ !

(ਇਸੇ ਵੇਲੇ ਗੰਧਰਵ ਅਗਨੀਦੇਵ ਦੇ ਗੁਣਾਂ ਦਾ ਵਖਾਨ ਸ਼ੁਰੂ ਕਰ ਦਿੰਦੇ ਹਨ)

ਗੰਧਰਵ : ''ਅਗਨੀ ਮਾਤਲੋਕ ਦੇ ਨਿਵਾਸੀਆਂ ਦਾ ਮਿੱਤਰ ਹੈ । ਉਹ ਦੇਵਤਿਆਂ ਅਤੇ ਮਾਤ-ਲੋਕ ਦੇ ਨਿਵਾਸੀਆਂ ਵਿਚਕਾਰ ਇਕ ਮਾਧਿਅਮ ਹੈ ।

ਜਿਵੇਂ ਪਿਤਾ ਪੁਤਰ ਦਾ ਹਿਤੈਸ਼ੀ ਹੁੰਦਾ ਹੈ, ਉਵੇਂ ਹੀ ਅਗਨੀ ਮਾਤਲੋਕ ਦੇ ਨਿਵਾਸੀਆਂ ਲਈ ਵਰਦਾਨ ਹੈ ।

ਗ੍ਰਿਹਸਥੀਆਂ ਦਾ ਉਹ ਦੇਵਤਾ ਹੈ । ਇਸਤ੍ਰੀ-ਪੁਰਸ਼ ਦਾ ਉਹ ਅੰਗ-ਰਖਿਅਕ ਹੈ । ਘਰ ਨੂੰ ਉਹ ਸੰਪਨ ਕਰਦਾ ਹੈ !

ਉਹ ਘਰ ਦਾ ਮਾਲਿਕ ਅਤੇ ਗ੍ਰਿਹਿਸਥੀ ਲੋਕਾਂ ਦਾ ਅਤਿਥੀ ਹੈ !

ਬ੍ਰਹਮਾ : ਸੱਚ ਹੈ ਗੰਧਰਵੋ ! ਬਿਲਕੁਲ ਸੱਚ ਹੈ !

ਗੰਧਰਵ : ਅਗਨੀਦੇਵ ਮੁਟਿਆਰਾਂ ਦਾ ਪ੍ਰੇਮੀ ਅਤੇ ਪਤੀ ਹੈ । ਵਿਆਹ ਵੇਲੇ ਵਹੁਟੀ ਪਹਿਲਾਂ ਅਗਨੀ ਨੂੰ ਦਿਤੀ ਜਾਂਦੀ ਹੈ, ਅਗਨੀਦੇਵ ਕੋਲੋਂ ਹੀ ਪਤੀ ਆਪਣੀ ਪਤਨੀ ਨੂੰ ਪ੍ਰਾਪਤ ਕਰਦਾ ਹੈ ।

ਜਾਤ-ਕਰਮ, ਵਿਆਹ ਅਤੇ ਹੋਰ ਸਭਨਾਂ ਮੌਕਿਆਂ ਤੇ ਅਗਨੀ ਦੀ ਅਰਾਧਨਾ ਕੀਤੀ ਜਾਂਦੀ ਹੈ ।

ਉਹ ਆਕਾਸ਼ ਵਿਚ ਸੂਰਜ, ਪ੍ਰਿਥਵੀ ਤੇ ਅਗਨੀ ਅਤੇ ਜਲ ਵਿਚ ਬਿਜਲੀ ਹੈ ।

ਯੱਗ ਦੇ ਪੁਰੋਹਿਤ, ਦੀਪਤੀਮਾਨ, ਦੇਵਾਂ ਨੂੰ ਬੁਲਾਣ ਵਾਲੇ ਰਿਤਵਿਕ ਅਤੇ ਰਤਨਧਾਰੀ ਅਗਨੀ ਦੀ ਮੈਂ ਉਸਤਤ ਕਰਦਾ ਹਾਂ

ਬ੍ਰਹਮਾ : ਵਾਹਵਾ ! ਗੰਧਰਵੋ ! ਤੁਸਾਂ ਕਮਾਲ ਕਰ ਦਿਤਾ... ਜੀਉਂਦੇ ਵਸਦੇ ਰਹੋ !

(ਫੇਰ ਬ੍ਰਹਮਾ ਜੀ ਨੇ ਔਰਵ ਵਲ ਤਕਿਆ । ਔਰਵ ਕਰੋਧ ਨਾਲ ਲਾਲ ਪੀਲਾ ਹੋ ਰਿਹਾ ਸੀ)

ਔਰਵ ! ਇਸ ਵੇਲੇ ਤੂੰ ਵੀ ਅਗਨੀਦੇਵ ਨੂੰ ਧਾਰਣ


Sri Satguru Jagjit Singh Ji eLibrary NamdhariElibrary@gmail.com

ਕੀਤਾ ਹੋਇਐ, ਇਸ ਲਈ ਅਸੀਂ ਤੈਨੂੰ ਵੀ ਨਮਸਕਾਰ ਕਰਦੇ ਹਾਂ

ਔਰਵ : (ਕਰੋਧ ਨਾਲ) ਪਰ ਮੈਨੂੰ ਬੁਲਾਇਆ ਕਿਉਂ ਗਿਐ ?

ਬ੍ਰਹਮਾ : ਅਸੀਂ ਤੇਰੀ ਨੁਹਾਰ ਵੇਖਣੀ ਚਾਹੁੰਦੇ ਸਾਂ...ਸੁੰਦਰ ਨੁਹਾਰ !

(ਔਰਵ ਖਾਮੋਸ਼ ਰਹਿੰਦਾ ਹੈ)

ਤੂੰ ਤੇ ਬੜਾ ਸੱਚਾ ਸੁੱਚਾ ਨੌਜਵਾਨ ਪ੍ਰਤੀਤ ਹੁੰਦਾ ਏਂ, ਔਰਵ !

(ਔਰਵ ਹੁਣ ਵੀ ਖਾਮੋਸ਼ ਰਹਿੰਦਾ ਹੈ)

ਬ੍ਰਹਮਾ ਜੀ : ਸਾਨੂੰ ਪਤਾ ਲਗਾ ਹੈ ਕਿ ਤੂੰ ਨਰਕ ਵਿਚ ਵਿਨਾਸ ਕਾਰਜ ਸ਼ੁਰੂ ਕੀਤਾ ਹੋਇਐ

(ਬ੍ਰਹਮਾ ਜੀ ਔਰਵ ਨੂੰ ਘੂਰਦੇ ਹਨ)

ਔਰਵ : ਬਿਲਕੁਲ ਨਹੀਂ

ਬ੍ਰਹਮਾ : ਫੇਰ ਲੋਕ ਝੂਠ ਬੋਲਦੇ ਨੇ ?

ਔਰਵ : ਬਿਲਕੁਲ ਝੂਠ ਬੋਲਦੇ ਨੇ

ਬ੍ਰਹਮਾ : ਤੂੰ ਕਿਸੇ ਨੂੰ ਕੁਝ ਨਹੀਂ ਕਿਹਾ ?

ਔਰਵ : ਨਹੀਂ, ਮੈਂ ਕੇਵਲ ਬਦਲਾ ਹੀ ਲੈ ਰਿਹਾ ਹਾਂ

ਬ੍ਰਹਮਾ : ਕਾਹਦਾ ਬਦਲਾ ?

ਔਰਵ : ਤੁਹਾਨੂੰ ਕਿਸੇ ਗੱਲ ਦਾ ਨਹੀਂ ਪਤਾ ?

ਬ੍ਰਹਮਾ : ਨਹੀਂ, ਮੈਨੂੰ ਕੁਝ ਨਹੀਂ ਪਤਾ

ਔਰਵ : ਫੇਰ ਤੁਸਾਂ ਮੈਨੂੰ ਕਿਉਂ ਬੁਲਾਇਐ ?

ਬ੍ਰਹਮਾ : ਅਸੀਂ ਜਾਨਣਾ ਚਾਹੁੰਦੇ ਹਾਂ, ਤੈਨੂੰ ਤਕਲੀਫ ਕੀ ਹੈ ?

ਔਰਵ : ਕੀ ਕਰੋਗੇ ਜਾਣਕੇ ?

ਬ੍ਰਹਮਾ : ਇਕ ਦੁਖੀ ਬੰਦੇ ਦੀ ਵੇਦਨ ਨੂੰ ਸਮਝਣਾ ਸਾਡਾ ਕਰਤਵ ਹੈ...ਬਲਕਿ ਹਰ ਬੰਦੇ ਦਾ ਕਰਤਵ ਹੈ ।

(ਔਰਵ ਦੀ ਤਣੀ ਹੋਈ ਗਰਦਨ ਕੁਝ ਕੁ ਝੁਕ ਜਾਂਦੀ ਹੈ । ਉਹ ਲੰਮਾ ਸਾਹ ਲੈਂਦਾ ਹੈ)

ਅਸੀਂ ਤੇਰੇ ਹਿਰਦੇ ਦੀ ਵੇਦਨ ਜਾਨਣਾ ਚਾਹੁੰਦੇ ਹਾਂ ਔਰਵ ! ਤੂੰ ਸਾਨੂੰ ਦਿਲ ਦੀ ਗੱਲ ਦੱਸ !

ਔਰਵ : ਹੁਣ ਕੀ ਲਾਭ ਹੈ ?

ਬ੍ਰਹਮਾ : ਘਾਇਲ ਵਿਅਕਤੀ ਦੀ ਮਲ੍ਹਮ-ਪੱਟੀ ਕਿਸੇ ਵੇਲੇ ਵੀ ਹੋ ਸਕਦੀ ਹੈ

ਔਰਵ : ਪਰ ਤੁਸੀਂ ਮੇਰੇ ਲਈ ਹੁਣ ਕੁਝ ਨਹੀਂ ਕਰ ਸਕਦੇ

ਬ੍ਰਹਮਾ : ਕਿਉਂ ਔਰਵ ?

ਹੁਣ ਕੀ ਹੋ ਗਿਐ ?

ਔਰਵ : ਮੈਂ ਆਪਣੇ ਭ੍ਰਿਗੂਵੰਸ਼ ਦਾ ਨਾਸ ਕਰਨ ਵਾਲੇ ਇਕ-ਇਕ ਵਿਅਕਤੀ ਨੂੰ ਖ਼ਤਮ ਕਰਕੇ ਰਹਾਂਗਾ

ਬ੍ਰਹਮਾ : ਫੇਰ ਕੀ ਹੋਵੇਗਾ ?

ਔਰਵ : ਮੇਰਾ ਮਨ ਸ਼ਾਂਤ ਹੋ ਜਾਵੇਗਾ

ਬ੍ਰਹਮਾ : ਨਹੀਂ, ਵਿਨਾਸ਼ ਕਰਨ ਵਾਲੇ ਨੂੰ ਅਜ ਤਕ ਕਦੀ ਵੀ ਸ਼ਾਂਤੀ ਨਹੀਂ ਮਿਲੀ ।

ਇਹ ਤੇਰਾ ਖ਼ਤਰਨਾਕ ਫੈਸਲਾ ਹੈ, ਮੇਰੇ ਪਿਆਰੇ ਨੌਜਵਾਨ !

ਔਰਵ : ਤਦ ਵੀ ਮੈਂ ਇਹੋ ਹੀ ਕਰਾਂਗਾ

ਬ੍ਰਹਮਾ : (ਰੋਹ ਨਾਲ) ਪਰ ਅਸੀਂ ਤੈਨੂੰ ਰੋਕਾਂਗੇ...ਸਮਝ ਗਿਆ ਕਿ ਨਹੀਂ ?

ਔਰਵ : (ਕਰੋਧ ਨਾਲ) ਜਿਸ ਵੇਲੇ ਭ੍ਰਿਗੂ ਵੰਸ਼ ਦੇ ਵਿਰੋਧੀ, ਯਜਮਾਨਾਂ ਨੇ ਭ੍ਰਿਗੂ ਪ੍ਰੋਹਿਤਾਂ ਦੀਆਂ ਗਰਭਵਤੀ ਇਸਤ੍ਰੀਆਂ ਦੇ ਗਰਭ ਵੀ ਤਬਾਹ ਕਰਨੇ ਸ਼ੁਰੂ ਕਰ ਦਿਤੇ ਸਨ, ਉਸ ਵੇਲੇ ਤੁਸੀਂ ਕਿਥੇ ਸਓ ?

ਬ੍ਰਹਮਾ : ਉਸ ਵੇਲੇ ਵੀ ਭ੍ਰਿਗੂ ਵੰਸੀ ਆਪਣੇ ਆਪ ਹੀ ਆਪਣੇ ਯਜਮਾਨ ਰਾਜਿਆਂ ਨਾਲ ਟੱਕਰ ਲੈ ਕੇ ਜੇਤੂ ਹੋਣਾ ਚਾਹੁੰਦੇ ਸਨ । ਉਹ ਰਿਸ਼ੀ ਹੋ ਕੇ ਵੀ ਇਹ ਗੱਲ ਭੁਲ ਗਏ ਸਨ ਕਿ ਟਕਰਾਓ ਵਿਚ ਕਿਸੇ ਦਾ ਵੀ ਭਲਾ ਨਹੀਂ ਹੁੰਦਾ । ਜਦੋਂ ਕਦੀ ਵੀ ਜੁਧ ਹੁੰਦਾ ਹੈ, ਉਸਦੇ ਅੰਤ ਤੇ ਫੇਰ ਸੁਲਹ ਦੀ ਸੰਧੀ ਹੁੰਦੀ ਹੈ...ਜਦੋਂ ਕਿ ਯੁਧ ਅਤੇ ਟਕਰਾਓ ਵਿਚ ਲੱਖਾਂ ਹੀ ਲੋਕ ਮਰ ਚੁਕੇ ਹੁੰਦੇ ਹਨ...

ਔਰਤਾਂ ਵਿਧਵਾ ਹੋ ਜਾਂਦੀਆਂ ਨੇ ਅਤੇ ਬੱਚੇ ਯਤੀਮ... ਟਕਰਾਉ ਦਾ ਰਾਹ ਹਰ ਵੇਲੇ ਵਿਨਾਸ਼ਕ ਸਾਬਿਤ ਹੁੰਦਾ ਹੈ ।

ਔਰਵ : (ਰੋਹ ਨਾਲ) ਇਹ ਤੁਸੀਂ ਮੈਨੂੰ ਦੱਸ ਰਹੇ ਹੋ ?

ਬ੍ਰਹਮਾ : ਨਹੀਂ, ਇਹ ਗੱਲ ਅਸੀਂ ਹਰ ਕਿਸੇ ਨੂੰ ਕਹਿੰਦੇ ਹਾਂ । ਅਜ ਹੀ ਨਹੀਂ, ਸਗੋਂ ਸ੍ਰਿਸ਼ਟੀ ਦੇ ਆਦਿਕਾਲ ਤੋਂ ਲੋਕਾਂ ਨੂੰ ਇਹੋ ਹੀ ਗੱਲ ਕਹਿੰਦੇ ਆਏ ਹਾਂ ਕਿ ਆਪਸ 'ਚ ਪ੍ਰੇਮ-ਪਿਆਰ ਨਾਲ ਰਹੋ, ਅਤੇ ਟਕਰਾਓ ਦਾ ਰਾਹ ਛੜ ਦਿਓ

ਔਰਵ : ਫੇਰ ਲੋਕ ਛੱਡ ਗਏ ਨੇ ਇਹ ਰਾਹ ?

ਬ੍ਰਹਮਾ : (ਧੀਰਜ ਨਾਲ) ਨਹੀਂ...ਤਦੇ ਹੀ ਅੱਜ ਤਕ ਏਨਾ ਖੂਨ-ਖਰਾਬਾ ਹੋਇਆ ਹੈ । ਸ਼ਤਵੰਤੀਆਂ ਵਿਧਵਾ


Sri Satguru Jagjit Singh Ji eLibrary NamdhariElibrary@gmail.com

ਹੋਈਆਂ ਨੇ, ਤੇ ਮਲੂਕੜੇ ਬੱਚੇ ਯਤੀਮ ਹੋ ਕੇ ਰਹਿ ਗਏ ਨੇ।...

ਇਸ ਲਈ ਟਕਰਾਓ ਦਾ ਕੋਈ ਲਾਭ ਨਹੀਂ ਔਰਵ? ਤੈਨੂੰ ਵੀ ਅਸੀਂ ਇਹੋ ਹੀ ਗੱਲ ਕਹਿ ਰਹੇ ਹਾਂ

ਔਰਵ : ਪਰ ਟਕਰਾਉ ਤੋਂ ਬਗ਼ੈਰ ਮਨ ਦਾ ਤਣਾਉ ਵੀ ਤਾਂ ਨਹੀਂ ਖਤਮ ਹੋ ਸਕਦਾ

ਬ੍ਰਹਮਾ : ਕੀ ਤੂੰ ਟਕਰਾਉ ਨਾਲ ਮਨ ਦੇ ਤਣਾਉ ਨੂੰ ਖਤਮ ਕਰ ਲਵੇਂਗਾ?

(ਔਰਵ ਖਾਮੋਸ਼ ਰਹਿੰਦਾ ਹੈ)

ਸਾਨੂੰ ਪਤਾ ਹੈ, ਜਿਸ ਵੇਲੇ ਤੁਹਾਡੇ ਵੰਸ਼ ਨੂੰ ਤਬਾਹ ਕਰਨ ਵਾਲੇ ਸ਼ਤਰੂ ਤੇਰੀ ਗਰਭਵਤੀ ਮਾਤਾ ਨੂੰ ਮਾਰਨ ਲਈ ਉਹਦਾ ਪਿੱਛਾ ਕਰ ਰਹੇ ਸਨ, ਤਦ ਸਮੇਂ ਤੋਂ ਪਹਿਲਾਂ ਹੀ ਤੇਰਾ ਜਨਮ ਹੋ ਗਿਆ ਸੀ...ਅਤੇ ਨਫ਼ਰਤ ਦੀ ਇਹ ਅੱਗ ਉਸੇ ਵੇਲੇ ਤੋਂ ਹੀ ਤੇਰੇ ਅੰਦਰ ਮਚੀ ਹੋਈ ਹੈ...

ਔਰਵ : ਸਾਡੇ ਤੇ ਹੁਣ ਅਗਨੀਦੇਵ ਦੀ ਮਿਹਰ ਹੈ

ਬ੍ਰਹਮਾ : ਅਗਨੀਦੇਵ ਦੀ ਹਰ ਕਿਸੇ ਤੇ ਮਿਹਰ ਹੈ। ਪਰ ਤੂੰ ਲੋਕਾਂ ਨੂੰ ਤਬਾਹ ਕਰਕੇ ਉਨ੍ਹਾਂ ਨੂੰ ਅਗਨੀਦੇਵ ਦੇ ਵਿਰੁਧ ਕਰ ਦੇਵੇਂਗਾ

ਇਸ ਤੋਂ ਅਗਨੀਦੇਵ ਦੀ ਤੇਰੇ ਤੇ ਕਿਵੇਂ ਮਿਹਰ ਰਹੇਗੀ?

ਭਲੇਮਾਣਸਾ! ਨਾਲੇ ਤੂੰ ਇਹ ਦਸ ਕਿ ਮਾਸੂਮ ਲੋਕਾਂ ਨੂੰ, ਨਿਰਦੋਸ਼ ਬੰਦਿਆਂ ਨੂੰ ਅਤੇ ਸਾਊ ਇਸਤਰੀਆਂ ਬੱਚਿਆਂ ਨੂੰ ਨਸ਼ਟ ਕਰਕੇ ਤੂੰ ਆਪਣੇ ਖ਼ਾਨਦਾਨ ਦੀ ਤਬਾਹੀ ਦਾ ਬਦਲਾ ਲਵੇਂਗਾ?

ਔਰਵ : (ਧੀਰਜ ਨਾਲ) ਮੈਂ ਕੁਝ ਤਾਂ ਕਰਨਾ ਹੀ ਸੀ

ਬ੍ਰਹਮਾ : ਫੇਰ ਕਰ ਲਿਆ ਹੈ ਕਿ ਨਹੀਂ ਹਾਲੇ?

ਔਰਵ : ਹਾਲੇ ਕੁਝ ਵੀ ਨਹੀਂ ਕੀਤਾ...ਹਾਲੇ ਤਾਂ ਮੈਂ ਸ਼ੁਰੂ ਹੀ ਹੋਇਆ ਹਾਂ

ਬ੍ਰਹਮਾ : (ਰੋਹ ਨਾਲ) ਸਾਡਾ ਤੈਨੂੰ ਹੁਕਮ ਹੈ ਕਿ ਤੂੰ ਹੋਰ ਕੁਝ ਨਹੀਂ ਕਰਨਾ

ਔਰਵ : ਕਿਉਂ?

(ਬ੍ਰਹਮਾ ਜੀ ਰੋਹ ਦਾ ਭਾਵ ਛਡਕੇ ਸ਼ਾਂਤ ਹੋ ਜਾਂਦੇ ਹਨ)

ਬ੍ਰਹਮਾ : ਔਰਵ! ਖਿਮਾ ਵਿਚ ਬਹੁਤ ਸ਼ਕਤੀ ਹੈ। ਕੇਵਲ ਕੋਈ ਸ਼ਕਤੀਸ਼ਾਲੀ ਬੰਦਾ ਹੀ ਆਪਣੇ ਵਿਰੋਧੀ ਨੂੰ ਖਿਮਾ ਕਰ ਸਕਦਾ ਹੈ। ਪਰ ਮਾੜਾ ਬੰਦਾ ਬਦਲਾ ਲੈਂਦਾ ਹੈ। ਤੂੰ ਆਪਣੀ ਮਾਤਾ ਦਾ ਬੜਾ ਸੂਰਮਾ ਪੁਤਰ ਏਂ। ਉਸ ਦੇ ਨਾਂ ਨੂੰ ਰੌਸ਼ਨ ਕਰ। ਕਲੰਕ ਨਾ ਲਾ।

ਔਰਵ : ਪਰ...ਪਰ...ਮੈਂ?

ਬ੍ਰਹਮਾ : ਔਰਵ। ਅਸੀਂ ਤੇਰੇ ਹਿਤੈਸ਼ੀ ਹਾਂ, ਸ਼ਤਰੂ ਨਹੀਂ। ਸ਼ਤਰੂ ਹੁੰਦੇ ਤਾਂ ਤੈਨੂੰ ਲੜਦੇ ਰਹਿਣ ਲਈ ਕਹਿੰਦੇ। ਪਰ ਅਸੀਂ ਕਹਿੰਦੇ ਹਾਂ ਕਿ ਤੂੰ ਸੂਰਮਿਆਂ ਵਾਲੇ ਕੰਮ ਕਰ। ਤੂੰ ਉੱਚੇ ਵੰਸ਼ ਵਿਚੋਂ ਏਂ।

ਔਰਵ : (ਘਬਰਾਕੇ) ਪਰ ਇਹ ਗੱਲ ਮੈਨੂੰ ਪਹਿਲਾਂ ਕਿਉਂ ਨਹੀਂ ਕਿਸੇ ਨੇ ਕਹੀ?

ਬ੍ਰਹਮਾ : ਨੇਕ ਕੰਮ ਕਿਸੇ ਵੇਲੇ ਵੀ ਕੀਤਾ ਜਾ ਸਕਦਾ ਹੈ, ਮੇਰੇ ਪਿਆਰੇ ਬੇਟੇ!

ਔਰਵ : ਪਰ...ਮੈਂ ਤਾਂ...

ਬ੍ਰਹਮਾ : ਔਰਵ ਪੁਤਰ! ਤੂੰ ਮੈਨੂੰ ਦਸ, ਕਿ ਤੂੰ ਇਸ ਬ੍ਰਹਿਮੰਡ ਦੀ ਸੁੰਦਰਤਾ ਵਿਚ ਵਾਧਾ ਕਰਨਾ ਹੈ ਕਿ ਇਸ ਦਾ ਵਿਨਾਸ਼ ਕਰਨਾ ਹੈ?

ਔਰਵ : (ਅਤਿਅੰਤ ਘਬਰਾਕੇ) ਫੇਰ ਮੈਂ ਕੀ ਕਰਾਂ?

ਬ੍ਰਹਮਾ : ਤੂੰ ਲੋਕਾਂ ਦੇ ਘਰ ਨਾ ਸਾੜ, ਉਨ੍ਹਾਂ ਦਾ ਲਹੂ ਨਾ ਡੋਲ੍ਹ...ਤੇ ਬੱਚਿਆਂ ਨੂੰ ਨਾ ਮਾਰ। ਔਰਤਾਂ ਨੂੰ ਮਾਤਾ ਬਰਾਬਰ ਸਮਝ।

ਔਰਵ : ਪਰ ਮੇਰੇ ਮੂੰਹ 'ਚੋਂ ਜਿਹੜੀ ਅੱਗ ਨਿਕਲ ਰਹੀ ਹੈ...ਇਹਦਾ ਕੀ ਕਰਾਂ?

ਬ੍ਰਹਮਾ : ਤੂੰ ਇਹ ਅੱਗ ਤਿਆਗ ਦੇ।

ਔਰਵ : ਇਹ ਤਾਂ ਜਨਮ ਤੋਂ ਹੀ ਮੇਰੇ ਨਾਲ ਹੈ। ਮੈਂ ਇਹਨੂੰ ਕਿਵੇਂ ਤਿਆਗ ਸਕਦਾ ਹਾਂ?

ਮੇਰੇ ਦਿਲ ਦੀ ਸਾਰੀ ਨਫ਼ਰਤ ਇਸ ਵਿਚ ਰਲੀ ਹੋਈ ਹੈ...ਇਹਨੂੰ ਮੈਂ ਕਿਵੇਂ ਤਿਆਗ ਦੇਵਾਂ?

ਬ੍ਰਹਮਾ : ਤਦ ਵੀ ਤੂੰ ਇਹਨੂੰ ਤਿਆਗ ਦੇ

ਔਰਵ : ਇਹ ਕਿਵੇਂ ਸੰਭਵ ਹੈ?

ਬ੍ਰਹਮਾ : ਹਰ ਗੱਲ ਸੰਭਵ ਹੈ, ਨੇਕ ਕੰਮ ਤਾਂ ਹਰ ਵੇਲੇ ਸੰਭਵ ਹੈ। ਜਦੋਂ ਅਸੀਂ ਭਲੇ ਕੰਮ ਲਈ ਸੋਚਦੇ ਹਾਂ ਤਾਂ ਪ੍ਰਕਿਰਤੀ ਦੀ ਹਰ ਸ਼ਕਤੀ ਸਾਡੀ ਸਹਾਇਤਾ ਕਰਦੀ ਹੈ...

(ਔਰਵ ਚੁਪ ਰਹਿੰਦਾ ਹੈ)

ਬੋਲ!

ਔਰਵ : (ਸੰਗਕੇ) ਤਦ ਫੇਰ ਤੁਸੀਂ ਵੀ ਮੇਰੀ ਸਹਾਇਤਾ ਕਰੋ



Sri Satguru Jagjit Singh Ji eLibrary NamdhariElibrary@gmail.com

ਪ੍ਰਜਾਪਤੀ ਜੀ !

ਬ੍ਰਹਮਾ : ਮੈਂ ਕਰਾਂਗਾ, ਜੋ ਕੁਝ ਵੀ ਕਰ ਸਕਿਆ

(ਔਰਵ ਕੋਲ ਜਾ ਕੇ ਉਸ ਦੀ ਪਿੱਠ ਪਲੋਸਦਾ ਹੈ)

ਔਰਵ : ਜ਼ਰੂਰ ਕਰੋਗੇ ?

ਬ੍ਰਹਮਾ : ਹਾਂ, ਜ਼ਰੂਰ ਕਰਾਂਗਾ

ਔਰਵ : ਜਦ ਫੇਰ ਮੇਰੇ ਮੂੰਹ ਦੀ ਅੱਗ ਤੁਸੀਂ ਲੈ ਲਵੋ, ਤੇ ਮੇਰਾ [ਨਫ਼ਰਤ ਤੋਂ ਛੁਟਕਾਰਾ ਕਰਾਉ । ਜਦੋਂ ਤਕ ਇਹ ਅੱਗ ਮੇਰੇ ਮੂੰਹ 'ਚ ਰਹੇਗੀ, ਮੈਂ ਵਿਚੋਂ ਕੁਝ ਹੀ ਕਰਾਂਗਾ...ਜੋ ਕੁਝ ਹੁਣ ਤਕ ਕਰਦਾ ਰਿਹਾ ਹਾਂ...

ਬ੍ਰਹਮਾ : ਠੀਕ ਹੈ...ਸਾਨੂੰ ਸਵੀਕਾਰ ਹੈ...ਤੇਰੇ ਮੂੰਹ ਦੀ ਅਗਨ ਅਸੀਂ ਧਾਰਨ ਕਰਦੇ ਹਾਂ...

(ਔਰਵ ਨੇ ਆਪਣੇ ਮੂੰਹ ਦੇ ਭਾਂਬੜ ਕਢਕੇ ਬ੍ਰਹਮਾ ਜੀ ਵਲ ਵਧਾ ਦਿਤੇ, ਅਤੇ ਬ੍ਰਹਮਾ ਜੀ ਨੇ ਅੱਗ ਦੇ ਉਹ ਭਾਂਬੜ ਆਪਣੇ ਯੋਗ ਬਲ ਨਾਲ ਵਾਤਾਵਰਣ ਵਿਚ ਸਥਿਰ ਕਰ ਦਿਤੇ)

ਅਗਨੀਦੇਵ ਜੀ ! ਤੁਸੀਂ ਹਾਲੇ ਵਾਤਾਵਰਣ ਵਿਚ ਸਥਿਰ ਰਹੋ ।

(ਫੇਰ ਬ੍ਰਹਮਾ ਜੀ ਔਰਵ ਵਲ ਤਕਦੇ ਹਨ)

ਔਰਵ ! ਤੂੰ ਹੁਣ ਪਸ਼ਚਾਤਾਪ ਕਰ । ਤਦ ਹੀ ਤੇਰੀ ਆਤਮਾ ਸ਼ਾਂਤ ਹੋਵੇਗੀ

ਔਰਵ : ਸਤਿਬਚਨ ਮਹਾਰਾਜ !

ਮੈਂ ਪਸ਼ਚਾਤਾਪ ਲਈ ਤਪੋਵਨ ਵਲ ਚਲਾ ਜਾਵਾਂਗਾ

(ਔਰਵ ਕਾਹਲੀ ਨਾਲ ਬਗੀਚੇ ਵਿਚੋਂ ਬਾਹਰ ਨਿਕਲ ਜਾਂਦਾ ਹੈ)

ਬ੍ਰਹਮਾ ; ਤੈਨੂੰ ਸਾਡੀ ਆਸ਼ੀਰਵਾਦ ਹੈ...

(ਅਗਨੀ ਨੂੰ ਬਗੀਚੇ ਦੇ ਵਾਤਾਵਰਣ ਵਿਚ ਸਥਿਰ ਵੇਖਕੇ ਹਰ ਕੋਈ ਉਸਦੀ ਤਪਸ਼ ਮਹਿਸੂਸ ਕਰਨ ਲਗ ਪਿਆ । ਬ੍ਰਹਮਾ ਜੀ ਕੋਲ ਬੈਠੇ ਗੰਧਰਵ ਵੀ ਔਖੇ ਹੋਣ ਲਗ ਪਏ)

ਗੰਧਰਵ : ਪ੍ਰਜਾਪਤੀ ਜੀ...?

ਬ੍ਰਹਮਾ : (ਗੰਧਰਵਾਂ ਵਲ ਤਕਕੇ) ਤੁਸੀਂ ਜਾ ਸਕਦੇ ਹੋ । ਮੈਂ ਹਾਲੇ ਇਥੇ ਹੀ ਰਹਾਂਗਾ । ਇਸ ਅਗਨੀ ਦੇਵ ਨੂੰ ਛਡਕੇ ਕਿਤੇ ਨਹੀਂ ਜਾ ਸਕਦਾ । ਨਹੀਂ ਤਾਂ ਬ੍ਰਹਿਮੰਡ ਹੀ ਭਸਮ ਹੋ ਜਾਵੇਗਾ ।

ਗੰਧਰਵ : ਪ੍ਰਜਾਪਤੀ ਜੀ ! ਤੁਸੀਂ ਇਸ ਅੱਗ ਦਾ ਕੀ ਕਰੋਗੇ ?

ਬ੍ਰਹਮਾ : ਦੱਸੋ, ਕੀ ਕਰਾਂ ?

ਗੰਧਰਵ : ਸਾਨੂੰ ਤਾਂ ਕੋਈ ਗੱਲ ਨਹੀਂ ਸੁਝਦੀ ।

ਬ੍ਰਹਮਾ : ਤੁਸਾਂ ਸੋਚਿਆ ਵੀ ਨਹੀਂ ਕਿ ਨਫ਼ਰਤ ਦੀ ਅੱਗ ਕਿਵੇਂ ਖਤਮ ਹੋ ਸਕਦੀ ਹੈ ।

ਤੁਸੀਂ ਤੇ ਅਜ ਤਕ ਗਾਇਨ ਹੀ ਕੀਤਾ ਹੈ

ਗੰਧਰਵ : ਜੀ, ਬਿਲਕੁਲ ।

ਬ੍ਰਹਮਾ : ਠੀਕ ਹੈ...ਮੈਂ ਸੋਚਾਂਗਾ ।

ਪਰ ਜਦੋਂ ਤਕ ਤੁਸੀਂ ਇਥੇ ਬੈਠੇ ਰਹੋਗੇ, ਇਹਦੇ ਭੜਕਣ ਦੀ ਸ਼ੰਕਾ ਬਣੀ ਰਹੇਗੀ । ਇਸ ਲਈ ਤੁਸੀਂ ਦੇਰ ਨਾ ਕਰੋ । ਮੈਨੂੰ ਅਗਨੀਦੇਵ ਦੀ ਅਰਾਧਨਾ ਕਰਨ ਦਿਉ ।

(ਮਨੋਵਤੀ ਸਭਾ ਦੇ ਬਗੀਚੇ ਵਿਚੋਂ ਜਦੋਂ ਗੰਧਰਵ ਉਠ ਕੇ ਬਾਹਰ ਚਲੇ ਗਏ ਤਾਂ ਵਾਤਾਵਰਣ ਵਿਚ ਸਥਿਰ ਅਗਨੀ ਬ੍ਰਹਮਾ ਜੀ ਦੇ ਦੁਆਲੇ ਫੈਲਣ ਲਗ ਪਈ)

ਬ੍ਰਹਮਾ : ਅਗਨੀ ਦੇਵ । ਸ਼ਾਂਤ ਹੋ ਜਾਵੋ । ਤੁਹਾਡਾ ਕਰਤੱਵ ਸ੍ਰਿਸ਼ਟੀ ਦੇ ਲੋਕਾਂ ਨੂੰ ਸੁੱਖ ਦੇਣਾ ਹੈ । ਇਹ ਵਿਨਾਸ਼ ਦਾ ਕਾਰਜ ਠੀਕ ਨਹੀਂ । ਇਹ ਮੈਂ ਨਹੀਂ ਹੋਣ ਦੇਣਾ । ਇਸ ਮਾਮਲੇ 'ਚ ਮੈਂ ਬਹੁਤ ਸਿਦਕਵਾਨ ਹਾਂ ।

(ਬਾਹਰ ਵਲ ਤਕਕੇ)

ਦੁਆਰਪਾਲ ! ਦੇਵੀ ਸਰਸਵਤੀ ਨੂੰ ਬੁਲਾਕੇ ਲਿਆਓ ਤੁਰਤ ਜਾਉ !

ਦੁਆਰਪਾਲ : (ਬਾਹਰੋਂ ਹੀ) ਸਤਿਬਚਨ !

ਪ੍ਰਜਾਪਤੀ ਜੀ ।...ਮੈਂ ਹੁਣੇ ਹੀ ਦੇਵੀ ਜੀ ਨੂੰ ਬਲਾਕੇ ਲਿਆਉਂਦਾ ਹਾਂ

ਬ੍ਰਹਮਾ : ਅਗਨੀਦੇਵ ! ਸਵਰਗ ਲੋਕ ਵਿਚੋਂ ਤੁਹਾਨੂੰ ਮਾਤ ਲੋਕ ਵਿਚ ਇਸ ਲਈ ਭੇਜਿਆ ਸੀ, ਕਿ ਤੁਸੀਂ ਲੋਕਾਂ ਦੇ ਘਰ-ਦੁਆਰ ਨੂੰ ਰੋਸ਼ਨ ਕਰ ਸਕੋ, ਅਤੇ ਉਨ੍ਹਾਂ ਦੇ ਜੀਵਨ ਨੂੰ ਨਿੱਘਾ । ਇਸੇ ਕਰਕੇ ਹੀ ਤੁਹਾਨੂੰ ਇਹ ਵੀ ਵਰਦਾਨ ਦਿਤਾ ਗਿਆ ਸੀ ਕਿ ਭਾਵੇਂ ਕੋਈ ਵੀ ਗੰਦੀ ਤੋਂ ਗੰਦੀ ਵਸਤ ਤੁਹਾਡੇ ਵਿਚ ਸੁਟੀ ਜਾਵੇ, ਪਰ ਉਸ ਦੀ ਗੰਦਗੀ ਦਾ ਤੁਹਾਡੇ ਤੇ ਅਸਰ ਨਹੀਂ ਹੋਵੇਗਾ...ਅਤੇ ਤੁਸੀਂ ਹਰ ਤਰ੍ਹਾਂ ਨਾਲ ਸ਼ੁਧ ਬਣੇ



Sri Satguru Jagjit Singh Ji eLibrary NamdhariElibrary@gmail.com

ਰਹੇਗੇ ।

ਹੁਣ ਆਪਣਾ ਗੁਣ ਨਾ ਬਦਲੋ । ਜਿਹੜਾ ਕੋਈ ਆਪਣਾ ਸਾਤਵਿਕ ਗੁਣ ਛਡਕੇ ਵਿਨਾਸ਼ਕਾਰੀ ਬਣ ਜਾਂਦਾ ਹੈ, ਲੋਕ ਉਸ ਨੂੰ ਚੰਗਾ ਨਹੀਂ ਸਮਝਦੇ... ਉਸਦੀ ਪੂਜਾ ਕੌਣ ਕਰੇਗਾ ? ਅਤੇ ਮੈਂ ਚਾਹੁੰਦਾ ਹਾਂ ਅਗਨੀ ਦੇਵ ! ਕਿ ਤ੍ਰਿਲੋਕੀ ਵਿਚ ਤੁਹਾਡੀ ਪੂਜਾ ਹੁੰਦੀ ਰਹੇ ।

(ਸਰਸਵਤੀ ਦਾ ਪ੍ਰਵੇਸ਼)

ਸਰਸਵਤੀ : ਹੈਂ ? ਇਹ ਕੀ ?

ਲੋਕਾਂ ਵਿਚ ਭੜਕੀ ਹੋਈ ਅੱਗ ਇਥੇ ਕਿਵੇਂ ਪੁਜ ਗਈ ?

(ਸਰਸਵਤੀ ਕਾਹਲੀ ਨਾਲ ਬ੍ਰਹਮਾ ਜੀ ਵਲ ਵਧਦੀ ਹੈ, ਪਰ ਅਗਨੀ ਦੇ ਤੇਜ਼ ਭਾਂਬੜ ਦੇ ਸੇਕ ਕਾਰਣ ਰੁਕ ਜਾਂਦੀ ਹੈ)

ਅਗਨੀ ਦੇਵ ਦੀ ਜੈ ਹੋਵੇ !

ਅਜ ਤੁਸੀਂ ਪ੍ਰਜਾਪਤੀ ਜੀ ਨਾਲ ਹੀ ਕਹਿਰਵਾਨ ਹੋ ਗਏ ਹੋ ?...ਸ਼ਾਂਤ ਹੋ ਜਾਵੋ ਅਗਨੀ ਦੇਵ ਜੀ !

(ਸਰਸਵਤੀ ਫੇਰ ਅਗੇ ਵਧਣ ਦਾ ਜਤਨ ਕਰਦੀ ਹੈ, ਪਰ ਨਹੀਂ ਵਧ ਪਾਉਂਦੀ)

ਅਗਨੀਦੇਵ ਜੀ ! ਤੁਸੀਂ ਇਹ ਕਿਹੜਾ ਰੂਪ ਵਿਖਾ ਰਹੇ ਹੋ ?

(ਬ੍ਰਹਮਾ ਜੀ ਵਲ ਤਕਕੇ)

ਪ੍ਰਜਾਪਤੀ ਜੀ ! ਚੁੱਪ ਕਿਉਂ ਹੋ ?

(ਪਲ ਭਰ ਰੁਕ ਕੇ)

ਬ੍ਰਹਮਾ ਜੀ, ਕਿਸੇ ਗਹਿਰੀ ਸਮਾਧੀ ਵਿਚ ਚਲੇ ਗਏ ਪ੍ਰਤੀਤ ਹੁੰਦੇ ਨੇ...

ਇਨ੍ਹਾਂ ਨੂੰ ਹੋਸ਼ ਵਿਚ ਲਿਆਉਣ ਲਈ ਮੈਂ ਵੀਣਾ-ਵਾਦਨ ਸ਼ੁਰੂ ਕਰਦੀ ਹਾਂ...

(ਗਾਇਨ)

ਹੈਂ ?...ਇਹ ਕੀ ?

ਮੇਰਾ ਸੰਗੀਤ ਸੁਣਕੇ ਵੀ ਬ੍ਰਹਮਾ ਜੀ ਨਹੀਂ ਜਾਗੇ ?

ਇਹ ਕਿਹੀ ਸਮਾਧੀ ਹੈ ?

(ਸਰਸਵਤੀ ਨੇ ਦੁਬਾਰਾ ਵੀਣਾ ਤੇ ਵਾਦਨ ਸ਼ੁਰੂ ਕੀਤਾ ਤਾਂ ਉਹਨੇ ਵੇਖਿਆ ਕਿ ਵੀਣਾ ਵਿਚੋਂ ਸੰਗੀਤ ਹੀ ਨਹੀਂ ਸੀ ਫੁਟ ਰਿਹਾ)

ਇਹ ਮੇਰੀ ਵੀਣਾ ਨੂੰ ਕੀ ਹੋ ਗਿਐ ?

ਕੋਈ ਸੁਰ ਨਹੀਂ ਨਿਕਲਿਆ...

ਮੇਰੇ ਸੁਰਾਂ ਦਾ ਚਮਤਕਾਰ ਕਿਥੇ ਗਿਐ ?

(ਜ਼ੋਰ ਨਾਲ)

ਪ੍ਰਜਾਪਤੀ ਜੀ ! ਜਾਗੋ !

ਇਸ ਅਗਨੀ ਦੀ ਤਪਸ਼ ਸਾਹਮਣੇ ਤਾਂ ਮੇਰੀ ਵੀਣਾ ਵੀ ਖਾਮੋਸ਼ ਹੋ ਗਈ ਹੈ !

ਬ੍ਰਹਮਾ : (ਚੇਤੰਨ ਹੋਕੇ) ਸਰਸਵਤੀ, ਤੂੰ ?

ਸਰਸਵਤੀ : ਹਾਂ ਪ੍ਰਭੂ ! ਮੈਂ ਹੀ ਹਾਂ

ਬ੍ਰਹਮਾ : ਮੈਂ ਤੈਨੂੰ ਹੀ ਚੇਤੇ ਕਰ ਰਿਹਾ ਸਾਂ

ਸਰਸਵਤੀ : ਕੋਈ ਆਗਿਆ ਦਿਉ !

ਮੈਂ ਤੁਹਾਡੇ ਕੋਲ ਖਲੋਤੀ ਹਾਂ...ਬਲਕਿ ਮੈਂ ਤਾਂ ਬੜੀ ਚਿੰਤਤ ਹਾਂ ਮਹਾਰਾਜ !

ਬ੍ਰਹਮਾ : ਤੇਰੀ ਚਿੰਤਾ ਅੱਜ ਹੀ ਦੂਰ ਹੋ ਜਾਵੇਗੀ, ਦੇਵੀ ਸਰਸਵਤੀ !

ਸਰਸਵਤੀ : ਤੁਸੀਂ ਇਸ ਅਗਨੀ ਵਿਚ ਕਿਵੇਂ ਘਿਰ ਗਏ ਹੋ ? ਮੈਂ ਵੀਣਾ ਵਜਾਈ, ਤਦ ਵੀ ਇਹਨੇ ਸ਼ਾਂਤ ਹੋਣ ਦਾ ਨਾਂ ਨਹੀਂ ਲਿਆ

ਬ੍ਰਹਮਾ : ਸਰਸਵਤੀ ! ਤੂੰ ਸੋਚਦੀ ਹੋਵੇਂਗੀ ਕਿ ਜਦੋਂ ਸੰਗੀਤ ਗੂੰਜਦਾ ਹੈ, ਤਾਂ ਅਗਨੀ ਦੇ ਭਾਂਬੜ ਆਪਣੇ ਆਪ ਹੀ ਖਾਮੋਸ਼ ਹੋ ਜਾਂਦੇ ਨੇ...

ਨਹੀਂ, ਮੈਂ ਇਸ ਤਰ੍ਹਾਂ ਨਹੀਂ ਸੋਚਦਾ

ਸਰਸਵਤੀ : ਕਾਰਣ ?

ਬ੍ਰਹਮਾ : ਜਦੋਂ ਅੱਗ ਦੇ ਭਾਂਬੜ ਮਚੇ ਹੋਏ ਹੋਣ ਤਾਂ ਸੰਗੀਤ ਦੀ ਆਤਮਾ ਵੀ ਸੁੰਗੜਨ ਲਗ ਪੈਂਦੀ ਹੈ ।...ਅੰਬਰਾਂ ਦੀ ਸੁੰਦਰਤਾ ਦਾਗੀ ਹੋ ਜਾਂਦੀ ਹੈ ਅਤੇ ਬੱਚੇ ਫੁੱਲਾਂ ਵਾਂਗ ਨਹੀਂ ਮਹਿਕਦੇ-ਮੌਲਦੇ...

ਕੰਨ ਸੁਣ ! ਗਲੀਆਂ-ਬਾਜ਼ਾਰ ਵੀਰਾਨ ਹੋ ਜਾਂਦੇ ਨੇ, ਅਤੇ ਸਜ ਵਿਆਹੀਆਂ ਮਲੂਕੜੀਆਂ ਜਿੰਦੜੀਆਂ ਵਿਧਵਾ ਹੋਣ ਲਗ ਪੈਂਦੀਆਂ ਹਨ ।

ਫੇਰ ਜਾਬਰਾਂ ਦੀ ਹੀ ਆਵਾਜ਼ ਗੂੰਜਦੀ ਹੈ ।

ਜਿਸ ਵੇਲੇ ਹਰ ਪਾਸੇ ਹਾਹਾਕਾਰ ਮੱਚ ਜਾਂਦੀ ਹੈ... ਤੂੰ ਦੱਸ ! ਸੰਗੀਤ ਕਿਵੇਂ ਜੀਉਂਦਾ ਰਹਿ ਸਕਦਾ ਹੈ ?

ਸਰਸਵਤੀ : (ਆਹ ਭਰਕੇ) ਹਾਏ ! ਇਹ ਮੇਰੀ ਵੀਣਾ ਦੇ ਸੰਗੀਤ ਨੂੰ ਕੀ ਹੋ ਗਿਐ ?

ਬ੍ਰਹਮਾ : ਸਰਸਵਤੀ ! ਜਦੋਂ ਤਕ ਇਸ ਬ੍ਰਹਿਮੰਡ ਵਿਚ ਨਫਰਤ ਦੀ ਅੱਗ ਦੇ ਭਾਂਬੜ ਮਚਦੇ ਰਹਿਣਗੇ, ਤੇਰੀ



Sri Satguru Jagjit Singh Ji eLibrary NamdhariElibrary@gmail.com

ਵੀਣਾ ਦੇ ਸੰਗੀਤ ਨੂੰ ਕਿਸੇ ਨੇ ਨਹੀਂ ਸੁਣਨਾ !

ਸਰਸਵਤੀ : ਜੇਕਰ ਲੋਕ, ਸੰਗੀਤ ਨੂੰ ਨਹੀਂ ਸੁਣਨਗੇ, ਕਲਾ ਦੀ ਸਾਧਨਾ ਨਹੀਂ ਕਰਨਗੇ, ਤਾਂ ਮੂਰਖ ਬਣ ਜਾਣਗੇ ! ਮੇਰੀ ਏਨੀ ਸਾਧਨਾ ਦਾ ਕੀ ਲਾਭ ਹੋਇਆ ਫੇਰ ?... ਪ੍ਰਜਾਪਤੀ ਜੀ !

ਬ੍ਰਹਮਾ : (ਮੁਸਕਰਾਕੇ) ਮੈਂ ਤੇਰੀ ਵੇਦਨ ਨੂੰ ਸਮਝਦਾ ਹਾਂ... ਸੁਣ ਸਰਸਵਤੀ !

ਤੂੰ ਹੁਣੇ ਹੀ ਮੇਰਾ ਇਕ ਕੰਮ ਕਰ ਸਰਸਵਤੀ !

ਸਰਸਵਤੀ : ਦਸੋ ਜੀ, ਤੁਰਤ ਦਸੋ !

ਬ੍ਰਹਮਾ : ਕੁਝ ਚਿਰ ਲਈ ਆਪਣੇ ਦੇਵੀ ਸੰਗੀਤ ਦੀ ਇਹ ਵੀਣਾ ਰਖਦੇ, ਅਤੇ ਇਸ ਨਫਰਤ ਦੀ ਅੱਗ ਨੂੰ...?

ਸਰਸਵਤੀ : ਮੈਂ ਇਸ ਨੂੰ ਕੀ ਕਰਾਂਗੀ, ਪ੍ਰਜਾਪਤੀ ਜੀ ?

ਬ੍ਰਹਮਾ : ਤੂੰ ਇਸ ਨੂੰ ਜਾ ਕੇ ਸਮੁੰਦਰ ਵਿਚ ਸੁਟ ਆ।

ਸਰਸਵਤੀ : ਪਰ ਮੈਂ ਇਸ ਨੂੰ ਲੈ ਕੇ ਸਮੁੰਦਰ ਤਕ ਕਿਵੇਂ ਜਾਵਾਂਗੀ ?

(ਬ੍ਰਹਮਾ ਜੀ ਧੀਰਜ ਨਾਲ ਉਸ ਵਲ ਤਕਦੇ ਹਨ)

ਬ੍ਰਹਮਾ : ਇਹ ਚੰਗਾ ਗੱਲ ਹੈ ਕਿ ਤੂੰ ਜਾਣ ਤੋਂ ਇਨਕਾਰ ਨਹੀਂ ਕੀਤਾ

ਸਰਸਵਤੀ : ਮੈਂ ਹਰ ਹਾਲਤ ਵਿਚ ਜ਼ਿੰਦਗੀ ਦਾ ਸੰਗੀਤ ਜੀਉਂਦਾ ਰਖਣਾ ਚਾਹੁੰਦੀ ਹਾਂ...ਇਸ ਲਈ... ਜਾਵਾਂਗੀ...

ਬ੍ਰਹਮਾ : ਫੇਰ ਤੁਰਤ ਜਾ !

ਜਾਣ ਦਾ ਤਰੀਕਾ ਮੈਂ ਤੈਨੂੰ ਦਸਾਂਗਾ

ਸਰਸਵਤੀ : ਫੇਰ ਛੇਤੀ ਕਰੋ -

ਬ੍ਰਹਮਾ : ਮੈਂ ਇਸ ਅੱਗ ਨੂੰ ਇਕ ਕੁੰਭ ਵਿਚ ਬੰਦ ਕਰ ਦਿੰਦਾ ਹਾਂ...

ਤੂੰ ਇਸ ਕੁੰਭ ਨੂੰ ਸਮੁੰਦਰ ਵਿਚ ਸੁਟ ਆਵੀਂ ! ਹੋਰ ਸੁਣ !

ਜਦੋਂ ਆਬਾਦੀ ਵਾਲਾ ਖੇਤਰ ਆਵੇਗਾ, ਤੂੰ ਧਰਤੀ ਦੇ ਥੱਲੇ ਚਲੀ ਜਾਵੀਂ... ਅਤੇ ਜਦੋਂ ਜੰਗਲ-ਬੀਆਬਾਨਾਂ ਵਿਚੋਂ ਲੰਘੇਂਗੀ ਤਾਂ ਧਰਤੀ ਉਪਰ ਚਲਦੀ ਜਾਵੀਂ !

(ਬ੍ਰਹਮਾ ਜੀ ਪਿੱਪਲ ਦੇ ਮੁੱਢ ਕੋਲ ਪਏ ਇਕ ਕੁੰਭ ਨੂੰ ਚੁਕ ਕੇ ਉਸਦਾ ਪਾਣੀ ਡੋਲਦੇ ਹਨ, ਤੇ ਫੇਰ ਅਗਨੀਦੇਵ ਨੂੰ ਨਮਸਕਾਰ ਕਰਦੇ ਹੋਏ ਅਗਨੀ ਦੇ ਭਾਂਬੜ ਨੂੰ ਕੁੰਭ ਵਿਚ ਬੰਦ ਕਰ ਦਿੰਦੇ ਹਨ)

ਬ੍ਰਹਮਾ : ਅਗਨੀ ਦੇਵ ! ਤੁਸੀਂ ਲੋਕਾਂ ਤੇ ਸਦਾ ਮਿਹਰਬਾਨ ਰਹਿਣਾ !...ਪਰ ਤੁਹਾਡਾ ਇਹ ਨਫਰਤ ਭਰਿਆ ਵਿਨਾਸ਼ਕ ਰੂਪ ਪ੍ਰਿਥਵੀ ਉਪਰ ਨਹੀਂ ਰਹਿਆ ਜਾ ਸਕਦਾ !

ਤੁਸੀਂ ਸਮੁੰਦਰ ਦੀ ਗੋਦ ਵਿਚ ਜਾ ਕੇ ਵਿਸ਼ਰਾਮ ਕਰੋ ! ਸਮੁੰਦਰ ਦਾ ਪਾਣੀ ਹੀ ਤੁਹਾਨੂੰ ਸ਼ਾਂਤ ਕਰ ਸਕਦਾ ਹੈ ?

ਸਰਸਵਤੀ : ਪਰ ਮੇਰੀ ਵੀਣਾ !

ਪ੍ਰਜਾਪਤੀ ਜੀ ! ਕੀ ਇਹ ਨਹੀਂ ਹੋ ਸਕਦਾ ਕਿ ਮੈਂ ਆਪਣੀ ਵੀਣਾ ਵੀ ਨਾਲ ਹੀ ਰਖਾਂ ?

ਬ੍ਰਹਮਾ : ਇਹ ਨਹੀਂ ਹੋ ਸਕਣਾ, ਮੇਰੀ ਸਰਸਵਤੀ !

ਸਰਸਵਤੀ : ਕਿਉਂ ?

ਬ੍ਰਹਮਾ : ਜਦੋਂ ਤਕ ਲੋਕਾਂ ਵਿਚ ਨਫਰਤ ਦੀ ਇਹ ਅੱਗ ਫੈਲੀ ਰਹੇਗੀ, ਉਦੋਂ ਤਕ ਤੂੰ ਉਨ੍ਹਾਂ ਨੂੰ ਆਪਣਾ ਸੰਗੀਤ ਨਹੀਂ ਸੁਣਾ ਸਕਦੀ। ਕੋਈ ਵੀ ਨਹੀਂ ਸੁਣੇਗਾ...

ਨਫਰਤ ਦੀ ਅੱਗ ਦੇ ਭਾਂਬੜ ਸੰਗੀਤ ਦੀ ਕੋਮਲ ਆਤਮਾ ਨੂੰ ਝੁਲਸ ਦਿੰਦੇ ਨੇ

ਸਰਸਵਤੀ : ਪਰ...ਪਰ ਤਦੋਂ ਨਾ !

ਬ੍ਰਹਮਾ : ਪਿਆਰ ਮੁਹੱਬਤ ਦਾ ਨਗਮਾ ਅੱਗ ਦੇ ਭਾਂਬੜਾਂ ਨੂੰ ਨਹੀਂ ਸੁਣਾਇਆ ਜਾ ਸਕਦਾ, ਸਰਸਵਤੀ !

ਤੂੰ ਆਪਣੀ ਵੀਣਾ ਕੁਝ ਚਿਰ ਲਈ ਮੇਰੇ ਕੋਲ ਰਹਿਣ ਦੇ !

ਸਰਸਵਤੀ : ਸਤਿਬਚਨ ! ਪ੍ਰਜਾਪਤੀ ਜੀ ! ਮੈਂ ਚਲਦੀ ਹਾਂ... ਤੁਸੀਂ ਸਾਂਭੋ ਮੇਰੀ ਵੀਣਾ !

(ਸਰਸਵਤੀ ਆਪਣੀ ਵੀਣਾ ਬ੍ਰਹਮਾ ਜੀ ਨੂੰ ਫੜਾ ਦਿੰਦੀ ਹੈ, ਅਤੇ ਅਗਨੀ ਦਾ ਕੁੰਭ ਲੈ ਕੇ ਬਾਹਰ ਵਲ ਤੁਰ ਪੈਂਦੀ ਹੈ)।

ਬ੍ਰਹਮਾ : (ਜਾਂਦੀ ਹੋਈ ਸਰਸਵਤੀ ਨੂੰ) ਮੈਂ ਤੈਨੂੰ ਇਥੇ ਹੀ ਉਡੀਕ ਰਿਹਾ ਹਾਂ...ਸਰਸਵਤੀ ! ਤੂੰ ਆਪਣੇ ਯੋਗ ਬਲ ਨਾਲ ਤੁਰਤ ਪਰਤ ਆਵੀਂ...

(ਸਰਸਵਤੀ ਮੁੜਕੇ ਨਹੀਂ ਵੇਖਦੀ)

ਸਵਿਤਾ : (ਪ੍ਰਵੇਸ਼ ਕਰਕੇ) ਪ੍ਰਜਾਪਤੀ ਜੀ ! ਕਿਸ ਨੂੰ ਉਡੀਕ ਰਹੇ ਹੋ ?

ਬ੍ਰਹਮਾ : ਸਰਸਵਤੀ ਅਤੇ ਸਵਿਤਾ ਨੂੰ...



Sri Satguru Jagjit Singh Ji eLibrary NamdhariElibrary@gmail.com

ਸਵਿਤਾ : ਮੈਂ ਤਾਂ ਆ ਗਈ ਹਾਂ...
ਬ੍ਰਹਮਾ : ਸਰਸਵਤੀ ਵੀ ਹੁਣੇ ਹੀ ਆ ਜਾਵੇਗੀ
ਸਵਿਤਾ : (ਹੱਸਕੇ) ਤੁਹਾਨੂੰ ਤੇ ਚੇਤਾ ਵੀ ਨਹੀਂ ਰਿਹਾ ਹੋਣਾ ਕਿ ਤੁਸੀਂ ਅੰਨ-ਜਲ ਵੀ ਕਰਨਾ ਹੈ ?
ਬ੍ਰਹਮਾ : ਕਰਨਾ ਹੈ ਅੰਨ-ਜਲ ! ਬਿਲਕੁਲ ਕਰਨਾ ਹੈ
ਸਵਿਤਾ : ਚਲੋ ਫੇਰ ਉਠੋ ! ਹੁਣ ਤੇ ਪਰਛਾਵੇਂ ਵੀ ਮੁੜ ਪਏ ਨੇ
ਬ੍ਰਹਮਾ : (ਹੱਸਕੇ) ਚਲਦੇ ਹਾਂ...

(ਬਾਹਰ ਵਲ ਤਕ ਕੇ) ਦੁਆਰਪਾਲ !

ਗੰਧਰਵਾਂ ਨੂੰ ਬੁਲਾਵੋ !

ਦੁਆਰਪਾਲ : (ਬਾਹਰੋਂ ਹੀ) ਸਤਿਬਚਨ, ਮਹਾਰਾਜ !
ਸਵਿਤਾ : ਹੁਣ ਕੀ ਕਸਰ ਹੈ ?
ਬ੍ਰਹਮਾ : ਸੰਗੀਤ ਸੁਣ ਲਈਏ
ਸਵਿਤਾ : ਅੰਨ ਜਲ ਨਾਲੋਂ ਸੰਗੀਤ ਜ਼ਰੂਰੀ ਹੈ ?
ਬ੍ਰਹਮਾ : ਕਈ ਵਾਰ ਜ਼ਰੂਰੀ ਹੀ ਹੁੰਦੈ
ਸਵਿਤਾ : ਤਦ ਫੇਰ ਮੈਂ ਚਲਦੀ ਹਾਂ...

(ਨਖ਼ਰੇ ਨਾਲ)

ਤੁਸੀਂ ਸੰਗੀਤ ਸੁਣਕੇ ਆ ਜਾਣਾ

ਬ੍ਰਹਮਾ : ਸਵਿਤਾ ਪਿਆਰੀ ! ਤੂੰ ਮੇਰੇ ਕੋਲ ਨਹੀਂ ਬੈਠ ਸਕਦੀ ?
ਸਵਿਤਾ : (ਹੱਸਕੇ) ਮੈਂ ਤਾਂ ਤੁਹਾਡੇ ਦਿਲ ਵਿਚ ਹਾਂ...ਹੋਰ ਕੀ ਚਾਹੁੰਦੇ ਹੋ ?
ਬ੍ਰਹਮਾ : ਤੇਰੇ ਦਿਲਾਵਾ...ਕੁਝ ਨਹੀਂ
ਸਵਿਤਾ ; ਚੰਗਾ ਫੇਰ...ਛੇਤੀ ਆਵੋ !

ਮੈਂ ਦੁਬਾਰਾ ਭੋਜਨ ਤਿਆਰ ਕਰਵਾ ਰਹੀ ਹਾਂ

(ਚਲੀ ਜਾਂਦੀ ਹੈ)

ਬ੍ਰਹਮਾ : ਚੰਗਾ, ਮੈਂ ਆਇਆ ਕਿ ਆਇਆ

(ਗੰਧਰਵਾਂ ਦਾ ਪ੍ਰਵੇਸ਼)

ਗੰਧਰਵ : ਪ੍ਰਜਾਪਤੀ ਜੀ ਨੇ ਕਿਵੇਂ ਚੇਤੇ ਕੀਤੈ ?
ਬ੍ਰਹਮਾ : ਗੰਧਰਵੋ - ਅਜ ਅੰਨ-ਜਲ ਨਾਲੋਂ ਸੰਗੀਤ ਵਧੇਰੇ ਜ਼ਰੂਰੀ ਪ੍ਰਤੀਤ ਹੁੰਦੈ
ਗੰਧਰਵ : ਮਹਾਰਾਜ ! ਇਹ ਗੱਲ ਤਾਂ ਦੇਵੀ ਸਵਿਤਾ ਜੀ ਨੇ ਵੀ ਕਹੀ ਹੈ
ਬ੍ਰਹਮਾ : ਅਤੇ ਇਹ ਠੀਕ ਵੀ ਹੈ...
ਗੰਧਰਵ : (ਪ੍ਰਸੰਨ ਹੋਕੇ) ਫੇਰ ਕੀ ਸ਼ੁਰੂ ਕਰੀਏ ਮਹਾਰਾਜ ?
ਬ੍ਰਹਮਾ : ਅਜ ਸਰਸਵਤੀ ਦੀ ਪ੍ਰਸ਼ੰਸਾ ਬਾਰੇ ਲਿਖੇ ਹੋਏ ਸੂਕਤ ਗਾਵੋ
ਗੰਧਰਵ : ਜੋ ਹੁਕਮ ਮਹਾਰਾਜ !

(ਗਾਉਂਦੇ ਹਨ)

"ਪ੍ਰਿਥਵੀ ਅਤੇ ਸਵਰਗ ਦੇ ਵਿਸਤ੍ਰਿਤ ਪ੍ਰਦੇਸ਼ਾਂ ਨੂੰ ਜਿਸ ਨੇ ਆਪਣੀ ਰੌਸ਼ਨੀ ਨਾਲ ਜਗਮਗਾਇਆ ਹੋਇਆ ਹੈ, ਉਹ ਸਰਸਵਤੀ ਦੇਵੀ ਨਿੰਦਕਾਂ ਤੋਂ ਸਾਡੀ ਰਖਿਆ ਕਰੇ !

ਬ੍ਰਹਮਾ : ਬਿਲਕੁਲ ਠੀਕ ਹੈ

(ਦੁਆਰਪਾਲ ਦਾ ਪ੍ਰਵੇਸ਼)

ਦੁਆਰਪਾਲ : ਪ੍ਰਜਾਪਤੀ ਜੀ, ਖਿਮਾ ਚਾਹੁੰਦਾ ਹਾਂ
ਬ੍ਰਹਮਾ : ਕੀ ਗੱਲ ਹੈ ਦੁਆਰਪਾਲ ?
ਦੁਆਰਪਾਲ : ਮਹਾਰਾਜ ਕੁਝ ਦੇਵਤੇ ਆਏ ਹਨ
ਬ੍ਰਹਮਾ : ਕਿਹੜੇ ?
ਦੁਆਰਪਾਲ : ਉਹੋ ਹੀ ਮਹਾਰਾਜ, ਜਿਹੜੇ ਪਹਿਲਾਂ ਆਏ ਸਨ
ਬ੍ਰਹਮਾ : (ਹੱਸਕੇ) ਉਨ੍ਹਾਂ ਨੇ ਹੁਣ ਸਾਥੋਂ ਕੀ ਲੈਣਾ ਹੈ ?
ਦੁਆਰਪਾਲ : ਪਤਾ ਨਹੀਂ ਜੀ
ਬ੍ਰਹਮਾ : ਚੰਗਾ, ਭੇਜਦੇ ਇਥੇ ਹੀ

(ਦੁਆਰਪਾਲ ਚਲਾ ਜਾਂਦਾ ਹੈ, ਅਤੇ ਤਿੰਨ ਦੇਵਤੇ ਅੰਦਰ ਆਉਂਦੇ ਹਨ)

ਦੇਵਤੇ : ਮਹਾਪ੍ਰਜਾਪਤੀ ਜੀ ਦੀ ਜੈ ਹੋਵੇ !
ਬ੍ਰਹਮਾ : ਕਿਵੇਂ ਆਏ ਹੋ ਦੇਵਗਣੋ !
ਪਹਿਲਾ ਦੇਵਤਾ : ਜੀ, ਆਪਦਾ ਧੰਨਵਾਦ ਕਰਨ
ਬ੍ਰਹਮਾ : ਕਾਹਦੇ ਲਈ ?
ਦੂਸਰਾ ਦੇਵਤਾ : ਜੀ, ਔਹਦ ਕਰਕੇ...
ਬ੍ਰਹਮਾ : ਤੁਸੀਂ ਤੇ ਉਸ ਤੋਂ ਬਹੁਤ ਹੀ ਡਰ ਗਏ ਸਓ
ਤੀਸਰਾ ਦੇਵਤਾ : ਜੀ, ਉਹ ਬਹੁਤ ਖਤਰਨਾਕ ਬੰਦਾ ਸੀ
ਬ੍ਰਹਮਾ : ਪਰ ਸਾਨੂੰ ਤੇ ਉਹਨੇ ਕੁਝ ਨਹੀਂ ਕਿਹਾ...ਬਲਕਿ ਸਾਡੀ ਗੱਲ ਵੀ ਉਹਨੇ ਬਹੁਤ ਹੀ ਮੰਨ ਲਈ
ਦੂਸਰਾ ਦੇਵਤਾ : ਪਰ ਜੀ...ਅਸੀਂ ਤਾਂ ?
ਬ੍ਰਹਮਾ : (ਹੱਸਕੇ) ਅਸਲ 'ਚ ਡਰ ਤੁਹਾਡੇ ਅੰਦਰ ਸੀ
ਪਹਿਲਾ ਦੇਵਤਾ : ਮਹਾਰਾਜ, ਇਹ ਗੱਲ ਤਾਂ ਠੀਕ ਹੈ
ਬ੍ਰਹਮਾ : ਕੋਈ ਸੱਚਾ ਸੁੱਚਾ ਬੰਦਾ ਹੀ ਤਕੜਾ ਤੇ ਨਿਰਭੈ ਹੋ ਸਕਦੈ
ਤੀਸਰਾ ਦੇਵਤਾ : ਫੇਰ ਜੀ...ਹੁਣ ?
ਬ੍ਰਹਮਾ : ਕੁਝ ਹੋਰ ਚਾਹੁੰਦੇ ਹੋ ?
ਦੂਸਰਾ ਦੇਵਤਾ : ਜੀ, ਨਹੀਂ...


Sri Satguru Jagjit Singh Ji eLibrary NamdhariElibrary@gmail.com

ਬ੍ਰਹਮਾ : ਚੰਗਾ ਫੇਰ...ਬੈਠ ਜਾਵੋ ਤੁਸੀਂ ਵੀ !

(ਦੇਵਤੇ ਬੈਠ ਜਾਂਦੇ ਹਨ)

ਇਹ ਬਿਹਤਰ ਨਹੀਂ ਕਿ ਆਪਾਂ ਬੇਕਾਰ ਗੱਲਾਂ ਕਰਨ ਦੀ ਬਜਾਏ ਗੰਧਰਵਾਂ ਦਾ ਸੰਗੀਤ ਸੁਣੀਏ ?

ਪਹਿਲਾ ਦੇਵਤਾ : ਜੀ, ਬਿਲਕੁਲ ਠੀਕ ਹੈ

ਬ੍ਰਹਮਾ : (ਗੰਧਰਵਾਂ ਨੂੰ) ਤੁਸੀਂ ਸੰਗੀਤ ਜਾਰੀ ਰਖੋ ਗੰਧਰਵਜਣੋ !

ਗੰਧਰਵ : ਜਿਹੜੀ ਵਡਿਆਈ ਅਤੇ ਕੀਰਤੀ ਦੁਆਰਾ ਦੇਵਤਿਆਂ ਵਿਚ ਪ੍ਰਸਿਧ ਹੈ, ਜਿਹੜੀ ਨਦੀਆਂ ਵਿਚ ਸਭ ਤੋਂ ਵਧ ਵੇਗਵਤੀ ਹੈ, ਅਤੇ ਸਰੋਸ਼ਠਤਾ ਕਰਕੇ ਸਭ ਤੋਂ ਵਧ ਗੁਣਵਾਨ ਹੈ—ਉਹ ਸਰਸਵਤੀ ਦੇਵੀ ਗਿਆਨੀ ਉਸਤਤ-ਕਰਤਾ ਦੀ ਉਸਤਤ ਦੀ ਪਾਤਰ ਬਣੇ !

ਸਰਸਵਤੀ ! ਤੁਸਾਂ ਵੇਦ-ਨਿੰਦਕਾਂ ਨੂੰ ਨਸ਼ਟ ਕੀਤਾ ਹੈ ! ਅੰਨ-ਸੰਪਨਾ ਸਰਸਵਤੀ ! ਤੁਸਾਂ ਮਨੁੱਖਾਂ ਨੂੰ ਭੂਮੀ ਦਾ ਦਾਨ ਦਿਤਾ ਹੈ...ਅਤੇ ਵਰਖਾ ਵੀ ਕਰਵਾਈ ਹੈ !

ਦੁਸ਼ਮਣਾਂ ਦਾ ਨਾਸ ਕਰਨ ਵਾਲੀ ਸਰਸਵਤੀ ! ਰੋਸ਼ਨੀ ਨਾਲ ਭਰਪੂਰ ਰਾਜ ਮਾਰਗ ਤੇ ਚਲਦੀ ਹੋਈ ਸਾਡੇ ਸਤੋਤਰ ਨੂੰ ਸੁਣੋ !

ਬ੍ਰਹਮਾ : ਗੰਧਰਵੋ, ਰੁਕੋ !

(ਬ੍ਰਹਮਾ ਜੀ ਅਚਾਨਕ ਹੀ ਵੇਖਦੇ ਹਨ ਕਿ ਬਗੀਚੇ ਵਿਚ ਦੁਆਰ ਵਲੋਂ ਪਹਿਲਾਂ ਚਾਨਣ ਦਾ ਝਲਕਾਰਾ ਪੈਂਦਾ ਹੈ, ਅਤੇ ਫੇਰ ਸਰਸਵਤੀ ਮਨੋਵਤੀ ਸਭਾ ਵਲੋਂ ਬਗੀਚੇ ਵਿਚ ਪ੍ਰਵੇਸ਼ ਕਰਦੀ ਹੈ। ਉਹਦੀ ਚਾਲ ਵਿਚ ਗੌਰਵ ਦਾ ਪ੍ਰਭਾਵ ਹੈ। ਸਰਸਵਤੀ ਨੂੰ ਵੇਖ ਕੇ ਬ੍ਰਹਮਾ ਜੀ ਸਮੇਤ ਸਾਰੇ ਹੀ ਦੇਵਤੇ ਖਲੋਕੇ, ਉਸ ਦਾ ਸੁਆਗਤ ਕਰਦੇ ਹਨ)

ਦੇਵਤੇ : ਸਰਸਵਤੀ ਦੇਵੀ ਜੀ ਦਾ ਸੁਆਗਤ ਹੈ !

ਬ੍ਰਹਮਾ : ਗੰਧਰਵੋ ! ਗਾਇਨ ਕਰਦੇ ਜਾਵੋ !

ਗੰਧਰਵ : ਦੇਵੀ ਸਰਸਵਤੀ !

ਜਿਹੜਾ ਵਿਅਕਤੀ ਇੰਦਰ ਵਾਂਗ ਤੁਹਾਡੀ ਉਸਤਤ ਕਰਦਾ ਹੈ, ਉਹੋ ਹੀ ਵਿਅਕਤੀ ਜਿਸ ਵੇਲੇ ਧੰਨ ਪ੍ਰਾਪਤੀ ਲਈ ਸੰਘਰਸ਼ ਕਰਦਾ ਹੈ, ਉਸ ਵੇਲੇ ਤੁਸੀਂ ਉਸ ਦੀ ਰਖਿਆ ਕਰਨੀ !

(ਸਰਸਵਤੀ ਬਗੀਚੇ ਵਿਚ ਪਿੱਪਲ ਨੇੜੇ ਪੁਜ ਜਾਂਦੀ ਹੈ)

ਬ੍ਰਹਮਾ : ਸਭ ਕੁਸ਼ਲ ਮੰਗਲ ਰਿਹਾ ?

ਸਰਸਵਤੀ : (ਮੁਸਕਰਾਕੇ) ਜੀ ਹਾਂ

ਬ੍ਰਹਮਾ : ਸਰਸਵਤੀ ! ਤੂੰ ਜਿਹੜਾ ਅਦੁਤੀ ਕਾਰਜ ਕੀਤਾ ਹੈ, ਉਹ ਰਹਿੰਦੀ ਦੁਨੀਆ ਤਕ ਤੇਰੀ ਵਡਿਆਈ ਕਰਾਵੇਗਾ

ਸਰਸਵਤੀ : (ਵੀਣਾ ਵਲ ਤਕ ਕੇ) ਮਹਾਰਾਜ, ਹੁਣ ਤਾਂ ਮੈਂ ਆਪਣੀ ਵੀਣਾ ਵਜਾ ਸਕਦੀ ਹਾਂ ਕਿ ਨਹੀਂ ?

ਬ੍ਰਹਮਾ : ਹੁਣ ਹਰ ਕੋਈ ਤੇਰੇ ਸੰਗੀਤ ਨੂੰ ਸੁਣਨ ਦਾ ਇਛੁਕ ਹੈ !

ਸਰਸਵਤੀ : ਧੰਨਵਾਦ ! (ਵੀਣਾ ਚੁਕਦੀ ਹੈ)

ਬ੍ਰਹਮਾ : (ਵਾਤਾਵਰਨ ਵਲ ਤਕਕੇ) ਵਰਖਾ ਸ਼ੁਰੂ ਹੋ ਰਹੀ ਹੈ ! ਤੂੰ ਅਜ ਸਾਨੂੰ ਮੇਘ-ਮਲਹਾਰ ਦਾ ਗਾਇਨ ਸੁਣਾਦੇ। ਤਾਂਕਿ ਧਰਤੀ ਦੀ ਹਿਕ ਤੇ ਨਫਰਤ ਦੇ ਬਚੇ-ਖੁਚੇ ਚਿਣਕੇ ਵਰਖਾ ਦੇ ਪਾਣੀ ਨਾਲ ਨਦੀਆਂ ਵਿਚੀਂ ਸਮੁੰਦਰ ਤਕ ਪੁਜ ਜਾਣ......

ਸਰਸਵਤੀ : ਤੁਸਾਂ ਨਫਰਤ ਦੀ ਅੱਗ ਨੂੰ ਖਤਮ ਕਰਕੇ ਮੇਰੇ ਸੰਗੀਤ ਨੂੰ ਬਚਾ ਲਿਆ ਹੈ...

(ਸਰਸਵਤੀ ਨਿਮਰਤਾ ਮੁਦਰਾ ਵਿਚ ਬ੍ਰਹਮਾ ਜੀ ਕੋਲ ਬੈਠ ਕੇ ਰਾਗ ਮੇਘ ਮਲਹਾਰ ਸ਼ੁਰੂ ਕਰ ਦਿੰਦੀ ਹੈ...ਪਰ ਫੇਰ ਅਚਾਨਕ ਹੀ ਰੁਕ ਜਾਂਦੀ ਹੈ)

ਬ੍ਰਹਮਾ : ਸਰਸਵਤੀ ! ਹੁਣ ਕੀ ਗੱਲ ਹੈ ?

ਸਰਸਵਤੀ : ਪ੍ਰਜਾਪਤੀ ਜੀ, ਮੈਨੂੰ ਲਗਦੈ ਕਿ ਧਰਤੀ ਤੇ ਫੈਲੀ ਹੋਈ ਨਫਰਤ ਦੀ ਪੂਰੀ ਅੱਗ ਸਮੁੰਦਰ ਵਿਚ ਨਹੀਂ ਸੁਟੀ ਜਾ ਸਕੀ...

ਬ੍ਰਹਮਾ : ਤਦ ਫੇਰ ?

ਸਰਸਵਤੀ : ਹਾਲੇ ਵੀ ਮੇਰੇ ਸੰਗੀਤ ਨੂੰ ਨਫਰਤ ਦੀ ਇਸ ਅੱਗ ਦੀ ਤਪਸ਼ ਮਹਿਸੂਸ ਹੋ ਰਹੀ ਹੈ

ਬ੍ਰਹਮਾ : (ਹੱਸਕੇ) ਸਰਸਵਤੀ ! ਨਫਰਤ ਦੀ ਅੱਗ ਨੂੰ ਖਤਮ ਕਰਨ ਦਾ ਹੁਣ ਇਕੋ ਹੀ ਸਾਧਨ ਹੈ...ਤੂੰ ਆਪਣਾ ਮਧੁਰ ਸੰਗੀਤ ਸ਼ੁਰੂ ਕਰ !

ਹੁਣ ਤੇਰੇ ਗਾਇਨ ਨਾਲ ਹੀ ਨਫਰਤ ਦੀ ਅੱਗ ਖਤਮ ਹੋ ਸਕੇਗੀ

ਸਰਸਵਤੀ : ਪਰ ਮਹਾਰਾਜ...ਮੈਂ ਸੋਚਦੀ ਹਾਂ...


Sri Satguru Jagjit Singh Ji eLibrary NamdhariElibrary@gmail.com

ਬ੍ਰਹਮਾ : ਹਾਂ, ਤੇਰੇ ਦਿਲੀ ਗੱਲ ਮੈਂ ਸਮਝ ਗਿਆ ਹਾਂ !

(ਦੇਵਤੇ ਹੈਰਾਨੀ ਨਾਲ ਬ੍ਰਹਮਾ ਜੀ ਵਲ ਤਕਦੇ ਹਨ)

ਹਰ ਜੁਗ ਵਿਚ ਔਰਤ ਹੋਣਗੀ...ਅਤੇ ਤੈਨੂੰ ਵੀ ਹਰ ਜੁਗ ਵਿਚ ਜਨਮ ਲੈਣਾ ਪਵੇਗਾ ਤਾਂਕਿ ਸੰਗੀਤ ਦੇ ਸੱਤਾਂ ਸੁਰਾਂ ਦਾ ਅਥਾਹ ਸਾਗਰ ਲੋਕ ਦਿਲਾਂ ਵਿਚੋਂ ਨਫ਼ਰਤ ਦੀ ਅੱਗ ਨੂੰ ਆਪਣੀ ਲਪੇਟ ਵਿਚ ਲੈ ਕੇ ਸ਼ਾਂਤ ਕਰਦਾ ਜਾਵੇ !

ਸਰਸਵਤੀ : ਪਰ...ਪਰ...?

ਬ੍ਰਹਮਾ : ਤੂੰ ਗਾਇਨ ਸ਼ੁਰੂ ਕਰ ਸਰਸਵਤੀ ! ਇਸ ਤੋਂ ਵੱਡਾ ਉਸਾਰੂ ਕਾਰਜ ਹੋਰ ਕੋਈ ਨਹੀਂ ਹੋ ਸਕਦਾ।

(ਸਰਸਵਤੀ ਵੀਣਾ ਵਾਦਨ ਸ਼ੁਰੂ ਕਰਦੀ ਹੈ)

ਬਰਖਾ ਹੋ ਰਹੀ ਹੈ ਅਤੇ ਅਸੀਂ ਫ਼ਲਦਾਰ ਰੁਖ ਪਿੱਪਲ ਥੱਲੇ ਬੈਠੇ ਸੰਗੀਤ ਦਾ ਮਧੁਰ ਆਨੰਦ ਮਾਣ ਰਹੇ ਹਾਂ। ਇਸ ਤੋਂ ਵੱਡਾ ਸੁੱਖ ਬ੍ਰਹਿਮੰਡ ਵਿਚ ਹੋਰ ਕੋਈ ਨਹੀਂ ਹੈ !

(ਸੰਗੀਤ ਦੀ ਧਿਹਵਣ ਗੂੰਜਦੀ ਹੈ)

●

(ਸਰਕਾਰੀ ਕਾਲਿਜ,
ਹੁਸ਼ਿਆਰਪੁਰ)



## ਪਾਠਕਾਂ ਲਈ ਸੂਚਨਾ

—ਜੇ ਵਰਿਆਮ ਦਾ ਪਰਚਾ ਆਪ ਨੂੰ ਮਹੀਨੇ ਦੀ ਦਸ ਤਾਰੀਖ਼ ਤਕ ਵੀ ਨਾ ਪੁੱਜੇ ਤਾਂ ਸਾਨੂੰ ਪੱਤਰ ਲਿਖੋ। ਅਸੀਂ ਹੋਰ ਪਰਚਾ ਭੇਜਣ ਦਾ ਪਰਬੰਧ ਕਰਾਂਗੇ। ਪਰ ਕਈ ਮਹੀਨੇ ਬੀਤ ਜਾਣ ਬਾਅਦ ਅਜਿਹੀ ਸ਼ਿਕਾਇਤ ਕਰਨੀ ਲਾਹੇਵੰਦ ਨਹੀਂ ਹੁੰਦੀ।

—ਚਿੱਠੀ ਪੱਤਰ ਕਰਨ ਲਗਿਆਂ ਆਪਣਾ ਪਤਾ ਠੀਕ ਅਤੇ ਪੜ੍ਹਨ ਯੋਗ ਲਿਖਿਆ ਜਾਵੇ। ਇਸ ਨਾਲ ਸਾਡੇ ਵਾਸਤੇ ਉੱਤਰ ਦੇਣਾ ਆਸਾਨ ਰਹੇਗਾ।

—ਵਰਿਆਮ ਵਾਸਤੇ ਆਪਣੇ ਚੰਦੇ ਦੀ ਰਕਮ ਤੁਸੀਂ ਆਪ ਫ਼ਿਕਰ ਨਾਲ ਸਾਲ ਦੇ ਸਾਲ ਜਮਾਂ ਕਰਾਇਆ ਕਰੋ। ਜੇ ਚੰਦਾ ਦੇਣ ਵਿਚ ਢਿੱਲ ਹੈ ਤਾਂ ਪੰਜ ਸਾਲ ਦਾ ਇਕੱਠਾ ਭੇਜ ਦਿਓ ਜਾਂ ਜੀਵਨ ਮੈਂਬਰੀ ਦਾ ਇਕੱਠਾ ਚੰਦਾ ਜਮਾਂ ਕਰਵਾ ਕੇ ਨਿਸ਼ਚਿੰਤ ਹੋ ਜਾਵੋ।

—ਵਰਿਆਮ ਵਾਸਤੇ ਆਪਣੀਆਂ ਫ਼ਰਮਾਂ ਦੇ ਇਸ਼ਤਿਹਾਰ ਜ਼ਰੂਰ ਦਿਓ। ਇਹ ਇਸ਼ਤਿਹਾਰ ਪੂਰੇ ਸਫ਼ੇ ਦੇ ਵੀ ਹੋ ਸਕਦੇ ਹਨ ਅਤੇ ਤੁਹਾਡੀ ਸਹੂਲਤ ਅਨੁਸਾਰ ਥੋੜ੍ਹੀ ਥਾਂ ਵਾਸਤੇ ਵੀ।

—ਵਰਿਆਮ ਵਿਚ ਛਪਦੀ ਸਾਮਗਰੀ ਬਾਰੇ ਆਪਣੀ ਰਾਇ ਜ਼ਰੂਰ ਭੇਜੋ। ਇਸ ਦੇ ਗੁਣਾਂ ਬਾਰੇ ਸਾਨੂੰ ਜਾਣੂ ਕਰਵਾਓ ਅਤੇ ਆਪਣੇ ਕੀਮਤੀ ਸੁਝਾਅ ਜ਼ਰੂਰ ਭੇਜੋ। ਸਾਨੂੰ ਲਿਖੋ ਕਿ ਕਿਹੋ ਜਿਹੀਆਂ ਲਿਖਤਾਂ ਤੁਹਾਨੂੰ ਪਸੰਦ ਆਈਆਂ ਹਨ।



Sri Satguru Jagjit Singh Ji eLibrary NamdhariElibrary@gmail.com

# ਰੀਝ ਅਧੂਰੀ-ਰੀਝ ਅਪੂਰਨ

—ਜਤਿੰਦਰ ਜੌਲੀ

ਇਕ ਰਾਤ ਪਾਕਿਸਤਾਨ ਟੈਲੀਵੀਜ਼ਨ ਤੋਂ ਖ਼ਬਰ ਸੀ ਕਿ ਉਸਤਾਦ ਚਿਰਾਗਦੀਨ ਦਾਮਨ ਪੂਰੇ ਹੋ ਗਏ। ਕੁਝ ਦਿਨ ਪਹਿਲਾਂ ਫ਼ੈਜ਼ ਅਹਿਮਦ ਫ਼ੈਜ਼ ਅਤੇ ਤਾਖ਼ਿਰ ਸਦੀਕੀ ਦੇ ਤੁਰ ਜਾਣ ਦੀ ਖ਼ਬਰ ਦੇ ਕੇ ਵੀ ਚੈਨਲ ਨੰਬਰ ਪੰਜ ਨੇ ਉਦਾਸ ਕਰ ਦਿੱਤਾ ਸੀ। ਰਾਜਿੰਦਰ ਸਿੰਘ ਬੇਦੀ ਦੀ ਖ਼ਬਰ ਤਾਂ ਤੜਕੇ ਜਿਹੇ ਅਖ਼ਬਾਰਾਂ ਨੇ ਆਣ ਦਿੱਤੀ ਸੀ।

ਸਰਹੱਦੀ ਬੰਦਿਸ਼ਾਂ ਤੋਂ ਬੇਲਾਗ ਇਹ ਸਾਰੇ ਅਦੀਬ ਹਿੰਦ-ਪਾਕ ਵਿਚ ਇਕੋ ਜਿਹੀ ਮਕਬੂਲੀਅਤ ਰੱਖਦੇ ਸਨ। ਆਪਣੇ ਪਸੰਦੀਦਾ ਲੇਖਕਾਂ ਨੂੰ ਵੇਖਣਾ ਸੁਣਨਾ ਤੇ ਮਿਲਣਾ ਹਰ ਮੁਹਿਬ ਪਾਠਕ ਦੀ ਅਚੇਤ ਰੀਝ ਹੁੰਦੀ ਹੈ। ਪਰ ਵਕਤ ਦੀ ਅਜਬ ਖੇਡ ਕਿ ਮੈਂ ਆਪਣੀ ਰੀਝ ਪੂਰਤੀ ਦੇ ਕੜਾ ਹੀ ਨੇੜਿਓਂ ਲੰਘ ਜਾਂਦਾ ਰਿਹਾ ਤੇ ਮੈਨੂੰ ਮਿਲਣ ਵਾਲੇ ਉਹ ਸਾਰੇ ਪਹਿਲੇ ਮੌਕੇ ਹੁਣ ਆਖ਼ਰੀ ਬਣ ਕੇ ਰਹਿ ਗਏ ਨੇ।

੧੯੯੧ ਵਿਚ ਜਦ ਮੈਂ ਤੇ ਅਮਰੀਕ ਅਮਨ ਲਾਹੌਰ ਗਏ, ਉਸਤਾਦ ਦਾਮਨ ਉਹਨੀਂ ਦਿਨੀਂ ਵੀ ਕਾਫ਼ੀ ਬਿਮਾਰ ਸਨ ਤੇ ਉਥੇ ਦੇ ਕਿਸੇ ਹਸਪਤਾਲ 'ਚ ਦਾਖ਼ਲ ਸਨ। 'ਪਾਕਿਸਤਾਨ ਪੰਜਾਬੀ ਅਦਬੀ ਬੋਰਡ' ਦੇ ਜਨ-ਸਕੱਤਰ ਮਿਸ਼ਰੁਲ ਹਸਨ ਜੋਕਮ ਦੇ ਸੱਦੇ ਤੇ ਹੋਈ ਇਕੱਤਰਤਾ ਵਿਚ ਸਾਨੂੰ ਅਹਿਮਦ ਰਾਹੀ, ਸਲੀਮ ਖਾਂ ਗਿੰਮੀ, ਔਨੁਲ-ਹੱਕ-ਫ਼ਰੀਦਕੋਟੀ ਯੂਨਸ ਜਾਵੇਦ, ਰਾਜਾ ਰਸਾਲੂ, ਸ਼ਫ਼ੀਕ ਫ਼ਾਰੂਕੀ, ਕੰਵਲ ਮੁਸ਼ਤਾਕ, ਵਸੀਮ ਗੌਹਰ, ਪ੍ਰਵੇਜ਼ ਰਜ਼ਾ ਮਿਰਜ਼ਾ ਜਿਹੇ ਕਈ ਉਘੇ ਲੇਖਕਾਂ ਨੂੰ ਮਿਲਣ ਦਾ ਮੌਕਾ ਤਾਂ ਮਿਲ ਗਿਆ ਸੀ ਪਰ ਉਸਤਾਦ ਦਾਮਨ ਅਤੇ ਹੋਰ ਕਈ ਲੇਖਕ-ਦੋਸਤਾਂ ਦੀ ਖਿੱਚ ਬਾਕੀ ਸੀ। ਨੱਜ਼ਮ ਹੁਸੈਨ ਸੱਯਦ ਇਕ ਦਿਨ ਪਹਿਲਾਂ ਹੀ ਕਰਾਚੀ ਜਾ ਚੁੱਕਾ ਸੀ। ਫ਼ਖ਼ਰ ਜ਼ਮਾਨ ਉਹਨੀਂ ਦਿਨੀਂ ਅੰਡਰ ਗਰਾਊਂਡ ਸੀ ਤੇ ਅਫ਼ਜ਼ਲ ਅਹਿਸਨ ਰੰਧਾਵਾ ਨੂੰ ਫ਼ੈਸਲਾਬਾਦ ਵਿਚ ਸਾਡੀ ਆਮਦ ਦੀ ਖ਼ਬਰ ਹੀ ਨਹੀਂ ਸੀ ਮਿਲੀ।

ਮਸਊਦ ਮੁਨੱਵਰ ਦਾ ਕਲਾਕਾਰ ਸਾਲਾ ਸਾਹਿਬ, ਜ਼ਾਹਿਦ ਰਾਠੌਰ ਕਹਿਣ ਲਗਾ ਕਿ ਉਸਤਾਦ ਦਾਮਨ ਹੁਰਾਂ ਨੂੰ ਕਲ੍ਹ ਦੁਪਹਿਰੇ ਹਸਪਤਾਲ ਜਾ ਕੇ ਮਿਲ ਆਵਾਂਗੇ। ਅਗਲੀ ਦੁਪਹਿਰ ਨੂੰ ਮੈਂ ਕਿਸ਼ਵਰ ਨਾਹੀਦ ਨੂੰ ਫ਼ੋਨ ਕੀਤਾ ਤਾਂ ਉਹ ਅਲਫ਼ਲਾ ਬਿਲਡਿੰਗ ਵਿਚ ਸਥਿਤ ਆਪਣੇ ਦਫ਼ਤਰ "ਪਾਕਿਸਤਾਨ ਨੈਸ਼ਨਲ ਸੈਂਟਰ" ਵਿਚ ਮੌਜੂਦ ਸੀ। ਮੈਂ ਆਪਣਾ ਤੁਆਰਫ਼ ਦੇ ਕੇ ਮਿਲਣ ਲਈ ਪੁਛਿਆ ਤਾਂ ਕਹਿਣ ਲੱਗੀ 'ਹੁਣੇ ਹੀ ਆ ਜਾਓ ਹੋਰ ਵੀ ਬਹੁਤ ਸਾਰੇ ਦੋਸਤ ਇਥੇ ਬੈਠੇ ਨੇ ਸਭ ਨਾਲ ਮੁਲਾਕਾਤ ਹੋ ਜਾਏਗੀ।' ਸੋ ਮੈਂ ਉਸੇ ਵੇਲੇ ਉਸ ਦੇ ਦਫ਼ਤਰ ਪਹੁੰਚ ਗਿਆ। ਹੇਠਾਂ ਖੜੇ ਚੌਕੀਦਾਰ ਨੇ ਲਿਫ਼ਟ ਰਾਹੀਂ ਉਪਰ ਭੇਜ ਦਿੱਤਾ ਤੇ ਉਸ ਦੇ ਸਹਾਇਕ ਨੂੰ ਕਿਸ਼ਵਰ ਨਾਹੀਦ' ਦਾ ਨਾਂ ਲਿਆ ਤਾਂ ਉਹ ਝਟ 'ਅਦਾਬ' ਕਹਿ ਕੇ ਮੇਰੇ ਨਾਲ ਹੋ ਤੁਰਿਆ। ਲਾਲ ਸੂਹੇ ਸਨਮਾਇਕੋ ਦਰਵਾਜ਼ੇ ਅੰਦਰ ਦਾਖ਼ਲ ਹੋਇਆ ਤਾਂ ਨੀਮ-ਰਾਣਨੇ ਮਾਹੌਲ ਵਿਚ, ਸਿਗਰਟ ਦੇ ਧੂੰਏਂ 'ਚੋਂ ਉਭਰਦੇ ਛਲਿਆਂ ਉਹਲਿਓਂ ਠਹਾਕੇ ਗੂੰਜਦੇ ਸੁਣਾਈ ਦਿਤੇ। ਮੇਰੇ ਦਾਖ਼ਲ ਹੋਣ ਤੇ ਸਾਹਮਣੇ ਵੱਡੇ ਟੇਬਲ ਤੋਂ ਟੇਬਲ ਲੈਂਪ ਦੀ ਮੱਧਮ ਚਾਨਣੀ ਵਿਚ ਆਪਣੇ ਵੱਲ ਵੱਧਦੇ ਹੋਏ ਕਲਾਤਮਕ ਹੱਥ ਨਾਲ ਇਕ ਜਾਣੀ ਪਹਿਚਾਣੀ ਅਪਣੱਤ ਭਰੀ ਆਵਾਜ਼ ਉਭਰੀ "ਆਓ ਆਓ ਅਸੀਂ ਤੁਹਾਡੀ ਹੀ ਇੰਤਜ਼ਾਰ ਕਰ ਰਹੇ ਸਾਂ।"

"ਇਨ੍ਹਾਂ ਨੂੰ ਮਿਲੋ—ਇਹ ਨੇ ਮੁਨੀਰ ਭਾਈ ਗਾਲਿਬ ਅਹਿਮਦ, ਗ਼ਜ਼ਲਿ ਅੰਜੁਮ ਤੇ ਜਿਲਾਨੀ ਕਾਮਰਾਨ!" ਉਸ ਨੇ ਉਥੇ ਬੈਠੇ ਉਰਦੂ ਦੇ ਸਭ ਜਾਣੇ ਪਛਾਣੇ ਸ਼ਾਇਰਾਂ ਨਾਲ ਮੇਰਾ ਤੁਆਰਫ਼ ਕਰਵਾਇਆ ਤਾਂ ਜਿਲਾਨੀ ਕਾਮਰਾਨ ਬੋਲਿਆ—"ਕੁਝ ਦੇਰ ਪਹਿਲਾਂ ਆਉਂਦੇ ਤਾਂ ਦੂਜਾ ਕਾਮਰਾਨ ਵੀ ਮਿਲ ਪੈਣਾ ਸੀ—ਉਹ ਤਾਖ਼ਿਰ ਸਦੀਕੀ ਨਾਲ ਹੁਣੇ ਹੀ ਬਜ਼ਾਰ ਨੂੰ ਗਿਐ!"

ਨਿਰਸੰਦੇਹ ਉਹ ਯੂਸਫ਼ ਕਾਮਰਾਨ ਦੀ ਗੱਲ ਕਰ ਰਿਹਾ ਸੀ—ਕਿਸ਼ਵਰ ਦਾ ਖ਼ਾਵੰਦ ਤੇ ਉਹ ਸਾਰੇ ਜਣੇ ਅਗਲੇ ਹਫ਼ਤੇ ਵਿਚ ਉਹਦੇ ਪਹਿਲੇ ਕਾਵਿ-ਸੰਗ੍ਰਹਿ "ਅਕੇਲੇ ਸਫ਼ਰ ਕਾ ਅਕੇਲਾ ਮੁਸਾਫ਼ਿਰ" ਦੇ ਰੀਲੀਜ਼ ਸਮਾਰੋਹ ਬਾਰੇ ਗੁਫ਼ਤਗੂ ਕਰ ਰਹੇ ਸਨ। ਮੈਂ ਕਿਸ਼ਵਰ ਨੂੰ ਪੁੱਛਿਆ—

"ਤੁਸੀਂ ਵੀ ਤਾਂ ਸ਼ਾਇਰ ਹੋ—ਫਿਰ ਤੁਹਾਡੇ ਖ਼ਾਵੰਦ ਨੇ ਇਹ ਨਾਂ ਕਿਉਂ ਰਖਿਐ-ਅਕੇਲੇ ਸਫ਼ਰ ਕਾ ਅਕੇਲਾ ਮੁਸਾਫ਼ਿਰ!"

"ਭਈ, ਸ਼ਾਇਰੀ ਦਾ ਸਫ਼ਰ ਇਕੱਲਿਆਂ ਹੀ ਤੈਅ ਕਰਨਾ ਹੁੰਦੈ!" ਉਸਦਾ ਜੁਆਬ ਸੀ।

ਤੇ ਪਿਛਲੇ ਵਰ੍ਹੇ, ਜਦ ਯੂਸਫ਼ ਕਾਮਰਾਨ ਦੇ ਵਿਛੋੜੇ ਦੀ ਖ਼ਬਰ ਵੀ ਟੀ. ਵੀ. ਤੋਂ ਸੁਣੀ ਤਾਂ ਕਿਸ਼ਵਰ ਨੂੰ ਖ਼ਤ ਲਿਖਦਿਆਂ ਮੇਰੇ ਹੱਥ ਕੰਬ ਰਹੇ ਸਨ ਕਿ ਹੁਣ ਸ਼ਾਇਰੀ ਦਾ ਤਾਂ


Sri Satguru Jagjit Singh Ji eLibrary NamdhariElibrary@gmail.com

ਕੋ—ਜ਼ਿੰਦਗੀ ਦਾ ਸਫ਼ਰ ਵੀ ਤੈਨੂੰ ਇਕੱਲਿਆਂ ਹੀ ਕਰਨਾ ਪਵੇਗਾ ! ਤੇ ਤਾਬਿਰ ਸਦੀਕੀ ਵੀ ਉਦੋਂ ਯੂਸਫ਼ ਨਾਲ ਬਾਜ਼ਾਰ ਜਾਣ ਲੱਗਾ ਐਸਾ ਮੋੜ ਮੁੜਿਆ ਕਿ ਮੁੜ ਕਦੇ ਸਾਡਾ ਸਾਹਮਣਾ ਹੀ ਨਾ ਹੋ ਸਕਿਆ। ਹੁਣ ਤਾਂ ਉਮੀਦ ਦੀ ਤੰਦ ਵੀ ਨਹੀਂ ਰਹੀ।

ਅਮਨ ਹੁਰੀਂ ਉਸ ਦੁਪਹਿਰ ਨੂੰ ਮੈਨੂੰ ਉਡੀਕ ਉਡੀਕ ਕੇ ਦਾਮਨ ਨੂੰ ਮਿਲਣ ਹਸਪਤਾਲ ਜਾ ਪਹੁੰਚੇ ਸਨ। ਕਾਫ਼ੀ ਪੇਤਲੀ ਅਵਸਥਾ ਦੇ ਬਾਵਜੂਦ ਵੀ ਉਸਤਾਦ ਦਾਮਨ ਦੀਆਂ ਅੱਖਾਂ ਵਿਚ ਅਨੋਖੀ ਚਮਕ ਸੀ। ਉਸ ਨੂੰ ਚਾਅ ਸੀ ਕਿ ਅੰਮ੍ਰਿਤਸਰ ਸ਼ਹਿਰ ਤੋਂ ਉਸ ਨੂੰ ਕੋਈ ਮਿਲਣ ਆਇਆ ਏ। ਉਹ ਸ਼ਹਿਰ ਜਿਥੇ ਉਸਤਾਦ ਹੁਰਾਂ ਦੇ ਨਾਂ ਦੀਆਂ ਧੁੰਮਾਂ ਹੁੰਦੀਆਂ ਸਨ। ਲੋਕ ਸਾਹ ਰੋਕ ਕੇ ਦਾਮਨ ਦਾ ਕਲਾਮ ਸੁਣਦੇ ਸਨ। ਕਿਸੇ ਮਜ਼ਾਹੀਆ ਸ਼ਿਅਰ ਤੇ ਲੋਟ ਪੋਟ ਹੋ ਜਾਂਦੇ ਸਨ। ਉਸ ਸ਼ਾਮ ਵਾਪਸ ਪਰਤਣ ਤੇ ਉਸਤਾਦ ਦਾਮਨ ਦੇ ਕਿੰਨੇ ਹੀ ਸ਼ਿਅਰ ਅਮਨ ਨੇ ਮੈਨੂੰ ਜ਼ਬਾਨੀ ਸੁਣਾ ਦਿਤੇ ਸਨ। ਜਿਨ੍ਹਾਂ ਵਿਚੋਂ ਇਹ ਦੋ ਤਾਂ ਬੜੇ ਹੀ ਮਕਬੂਲ ਹਏ ਸਨ :

ਪਾਕਿਸਤਾਨ 'ਚ ਮੌਜਾਂ ਹੀ ਮੌਜਾਂ !
ਜਿੱਧਰ ਵੇਖੋ ਫ਼ੌਜਾਂ ਹੀ ਫ਼ੌਜਾਂ !
ਅਤੇ
ਪਾਕਿਸਤਾਨ ਦੇ ਦੋ ਖ਼ੁਦਾਅ।
ਲਾ-ਇਲਾਹ ਤੇ ਮਾਰਸ਼ਲ-ਲਾਅ।

ਅਗਲੀ ਸਵੇਰ ਅਸੀਂ ਸਰਹੱਦ ਦੇ ਉਰਾਰ ਆ ਗਏ ਸਾਂ। ਕਦੇ ਐਸਾ ਮੌਕਾ ਹੀ ਨਾ ਬਣ ਸਕਿਆ ਕਿ ਉਸਤਾਦ ਦਾਮਨ ਦੇ ਦਰਸ਼ਨ ਹੋ ਜਾਂਦੇ। ਉਸਦੀ ਲਾਜਵਾਬ ਪੰਜਾਬੀ ਸ਼ਾਇਰੀ, ਨਵੀਆਂ ਤਸ਼ਬੀਹਾਂ ਅਤੇ ਅਛੂਤੇ ਬਿੰਬਾਂ ਰਾਹੀਂ ਮੌਜੂਦਾ ਹਾਲਾਤ ਅਤੇ ਸਿਸਟਮ ਦੇ ਖ਼ਿਲਾਫ਼ ਉਭਰਦਾ ਵਿਅੰਗ ਸਾਡੇ ਤਕ ਅਕਸਰ ਪਹੁੰਚਦਾ ਰਿਹਾ। ਆਪਣੀ ਪਿਛਲੀ ਉਮਰ ਵਿਚ ਬੇਸ਼ਕ ਉਸਨੇ ਜ਼ਰੂਰ ਹੀ ਘੱਟ ਲਿਖਿਆ ਪਰ ਉਸਦੀ ਸਮੁੱਚੀ ਜ਼ਿੰਦਗੀ ਦੀ ਘਾਲਣਾ, ਉਸਨੂੰ ਕਦੇ ਵੀ ਮਰਨ ਨਹੀਂ ਦੇਣ ਲੱਗੀ।

ਪਿਛਲੇ ਵਰ੍ਹੇ ਪਾਕਿਸਤਾਨ ਤੋਂ ਮੇਰੇ ਇਕ ਮਿੱਤਰ ਸ਼ਫੀਕ ਫ਼ਾਰੂਕੀ ਦਾ ਖ਼ਤ ਲੈ ਕੇ ਦੋ ਅਦੀਬ ਮੇਰੇ ਕੋਲ ਆਏ। ਸ਼ਫੀਕ ਪਾਕਿਸਤਾਨ ਦਾ ਜਾਣਿਆ ਪਛਾਣਿਆਂ ਆਰਟਿਸਟ ਫ਼ੋਟੋਗ੍ਰਾਫ਼ਰ ਤੇ ਫ਼ੀਲਾਂਸਰ ਹੈ ਉਸ ਦੇ ਇਹ ਸਾਥੀ ਵੀ ਰੋਜ਼ਨਾਮਾ ''ਜੰਗ'' ਨਾਲ ਸੰਬੰਧਿਤ ਸਨ। ਸ਼ਫੀਕ ਦੀ ਹਦਾਇਤ ਸੀ ਕਿ ਮੈਂ ਇਨ੍ਹਾਂ ਨੂੰ ਕੁਝ ਅਦੀਬ ਦੋਸਤਾਂ ਨਾਲ ਮਿਲਵਾਂ ਦਿਆਂ, ਉਹ ''ਜੰਗ'' ਲਈ ਇੰਟਰਵਿਊ ਲੈਣਾ ਚਾਹੁੰਦੇ ਸਨ। ਉਨ੍ਹਾਂ ਵਿਚੋਂ ਮਿ: ਕਮਰ ਜ਼ੈਦੀ ''ਜੰਗ'' ਦੇ ਮੈਗਜ਼ੀਨ ਸੈਕਸ਼ਨ ਨਾਲ ਸੰਬੰਧਿਤ ਸੀ ਤੇ ਦੂਜਾ ਆਰਿਫ਼ ਰਜ਼ਾ ਉਸ ਅਖ਼ਬਾਰ ਦਾ ਫ਼ੋਟੋਗ੍ਰਾਫ਼ਰ। ਉਸੇ ਸ਼ਾਮ ਮੈਂ ਲੁਧਿਆਣਿਓਂ ਆਤਮਜੀਤ ਨੂੰ ਨਾਲ ਲੈ ਕੇ ਰਾਤ ਨੂੰ ਉਨ੍ਹਾਂ ਨੂੰ ''ਨਿਕਾਹ'' ਵਿਖਾਈ ਤੇ ਅਗਲੀ ਸਵੇਰ ਐਗਰੀਕਲਚਰ ਯੂਨੀਵਰਸਿਟੀ ਵਿਚ ਕ੍ਰਿਸ਼ਨ ਅਦੀਬ ਅਜਾਇਬ ਚਿੱਤਰਕਾਰ, ਸੁਰਜੀਤ ਪਾਤਰ ਪ੍ਰੋ: ਸਾਧੂ ਸਿੰਘ, ਸ. ਨ. ਸੇਵਕ, ਨਿੰਦਰ ਗਿੱਲ ਅਤੇ ਕੁਲਵੰਤ ਸਿੰਘ ਵਿਰਕ ਨਾਲ ਮਿਲਾ ਕੇ ਚੰਡੀਗੜ੍ਹ ਲੈ ਗਿਆ।

ਉਨ੍ਹਾਂ ਕੋਲ ਸਮਾਂ ਬਹੁਤ ਥੋੜ੍ਹਾ ਸੀ ਸੋ ਵਕਤ ਦੀ ਘਾਟ ਕਾਰਨ ਕਿਤੇ ਵੀ ਵਧੇਰੇ ਚਿਰ ਠਹਿਰਨਾ ਸਾਡੇ ਲਈ ਬੜਾ ਮੁਸ਼ਕਲ ਸੀ। ਸ਼ਾਮ ਨੂੰ ਡਾ: ਮੋਹਨ ਸਿੰਘ ਦੀਵਾਨਾ ਦੇ ਘਰ ਐਸੀ ਗੁਫ਼ਤਗੂ ਸ਼ੁਰੂ ਹੋਈ ਕਿ ਦੋ ਟੇਪਾਂ ਪੂਰੀਆਂ ਭਰਨ ਉਪਰੰਤ ਵੀ ਗੱਲਾਂ ਨਾ ਮੁੱਕ ਸਕੀਆਂ। ਡਾ: ਦੀਵਾਨਾ ੧੯੨੭ ਵਿਚ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਪੰਜਾਬੀ ਵਿਭਾਗ ਵਿਚ ਪ੍ਰੋਫ਼ੈਸਰ ਜਾ ਲਗੇ ਸਨ ਉਦੋਂ ਤੋਂ ਲੈ ਕੇ ਕਿੰਨੇ ਹੀ ਬਾਲਕੇ ਉਹਨਾਂ ਦੇ ਆਸ਼ੀਰਵਾਦ ਸਦਕਾ ਵੱਡੇ ਵੱਡੇ ਅਹੁਦਿਆਂ ਤੇ ਜਾ ਬਿਰਾਜੇ। ਗੱਲਾਂ ਗੱਲਾਂ ਵਿਚ ਕਮਰ ਜ਼ੈਦੀ ਵਲੋਂ ਜੇ ''ਜੰਗ'' ਦੇ ਐਡੀਟਰ ਜਾਂ ਕਿਸੇ ਹੋਰ ਬਜ਼ੁਰਗ ਅਦੀਬ ਦਾ ਜ਼ਿਕਰ ਕੀਤਾ ਜਾਂਦਾ ਤਾਂ ਡਾਕਟਰ ਸਾਹਿਬ ਉੱਛਲ ਪੈਂਦੇ।

''ਆਹੋ ਆਹੋ ਉਹ ਅਜੇ ਜਿਊਂਦੈ ? ਅੱਛਾ ਲਿਆ ਫੜਾਈਂ ਮੇਰੀ ਕਿਤਾਬ ''ਸਫ਼ੀਨਾ'' ਉਸਦੇ ਨਾਂ ਲਿਖ ਦੇ ਦੇਣਾ ਪਹੁੰਚਾ ਦੇਈਂ ਸੁ ਉਹਨੂੰ; ਆਖੀਂ ਦੀਵਾਨਾ ਬੜਾ ਯਾਦ ਕਰਦਾ ਸੀ !''

ਜੇ ਕਿਧਰੇ ਕਿਸੇ ਹੋਰ ਦੇ ਤਖ਼ਲੱਸ ਦਾ ਜ਼ਿਕਰ ਸੁਣਕੇ ਕਮਰ ਜ਼ੈਦੀ ਪੂਰਾ ਨਾਂ ਲੈ ਦੇਂਦਾ ਤਾਂ ਡਾਕਟਰ ਸਾਹਿਬ ਝੱਟ ਬੋਲ ਪੈਂਦੇ—

''ਉਇ ਨਹੀਂ ਉਇ ! ਮੈਂ ਤੇ ਉਹਦੇ ਪਿਉ ਦੀ ਗੱਲ ਪਿਆ ਕਰਨਾ ਵਾਂ !'' ਤੇ ਪੂਰੀ ਸਦੀ ਦੀ ਅਵਧ ਹੰਢਾ ਚੁੱਕੇ ਡਾਕਟਰ ਦੀਵਾਨਾ ਦੀ ਲਾ ਜਵਾਬ ਯਾਦਸ਼ਤ ਉਤੇ ਅਸੀਂ ਮੁਸਕਰਾਏ ਹੱਸ ਪੈਂਦੇ।

ਉਸੇ ਰਾਤ ਕੋਈ ਸਾਢੇ ਨੌਂ ਵਜੇ ਦਾ ਵੇਲਾ ਹੋਵੇਗਾ। ਜਦ ਕੁਸ਼ਾਨ ਨੇ ਪੰਦਰਾਂ-ਬੀ ਸੈਕਟਰ ਦੀ ਮਾਰਕੀਟ 'ਚੋਂ ਰੋਟੀ ਖੁਆ ਕੇ ਸਾਨੂੰ ਤੋਰਿਆ ਤਾਂ ਅਸਾਂ ਪੰਜਾਬ ਯੂਨੀਵਰਸਿਟੀ ਦੇ



Sri Satguru Jagjit Singh Ji eLibrary NamdhariElibrary@gmail.com

ਨਾਲ ਲਗਦੇ ਸੈਕਟਰ ਚੌਦੀ ਵਿਚ ਡਾ: ਅਤਰ ਸਿੰਘ ਦਾ ਬੂਹਾ ਜਾ ਖੜਕਾਇਆ। ਉਹ ਅੱਧ-ਲੇਟੇ ਜਿਹੇ ਕੁਝ ਪੜ੍ਹਦੇ ਹੋਏ ਸ਼ਾਇਦ ਸੌਣ ਦੀ ਤਿਆਰੀ ਵਿਚ ਹੀ ਸਨ ਕਿ ਅਸਾਂ ਉਨ੍ਹਾਂ ਦੀ ਵੀ ਇੰਟਰਵਿਊ ਲੈਣੀ ਸ਼ੁਰੂ ਕਰ ਦਿੱਤੀ। ਬੇਸ਼ਕ ਉਹ ਅਜਿਹੇ 'ਪੱਤਰਕਾਰੀ ਹਮਲੇ' ਲਈ ਬਿਲਕੁਲ ਤਿਆਰ ਨਹੀਂ ਸਨ ਪਰ ਬੜੇ ਤਹੱਮਲ ਨਾਲ ਸਾਰੀ ਗੱਲਬਾਤ ਹੋਈ। ਉਥੋਂ ਨਿਕਲਦਿਆਂ ਹੀ ਅਸੀਂ ਬਸ ਫੜੀ ਤੇ ਰਾਤੋ ਰਾਤ ਦਿੱਲੀ ਆ ਪਹੁੰਚੇ।

ਇਥੇ ਅਸੀਂ ਕਹਾਣੀਕਾਰ ਰਜਿੰਦਰ ਕੌਰ ਤੇ ਕੁਲਦੀਪ ਬੱਗਾ ਦੇ ਜਬਰੀ ਮਹਿਮਾਨ ਸਾਂ। ਤੜਕੇ ਜਿਹੇ ਉਹ ਸਭ ਜਾਗਣ ਦੀ ਤਿਆਰੀ ਕਰ ਰਹੇ ਸਨ, ਸਾਡੀਆਂ ਅੱਖਾਂ ਰਾਤ ਦੇ ਉਨੀਂਦਰੇ ਤੇ ਸਫ਼ਰ ਦੀ ਬੇਆਰਾਮੀ ਕਾਰਨ ਮੀਟਦੀਆਂ ਜਾ ਰਹੀਆਂ ਸਨ। ਉਥੇ ਚਾਰ ਪੰਜ ਦਿਨ ਰਹਿ ਕੇ ਉਨ੍ਹਾਂ ਮਿੱਤਰਾਂ ਨੂੰ ਆਗਰੇ ਦਾ ਤਾਜ ਮਹੱਲ ਵੀ ਵਿਖਾਇਆ ਤੇ ਦਿੱਲੀ ਦੀਆਂ ਆਲੀਸ਼ਾਨ ਮੁਗ਼ਲਈ ਇਮਾਰਤਾਂ ਦੇ ਨਾਲ ਨਾਲ ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ, ਕ੍ਰਿਸ਼ਨਾ ਸੋਬਤੀ, ਕਰਤਾਰ ਸਿੰਘ ਦੁੱਗਲ, ਬਲਵੰਤ ਗਾਰਗੀ, ਵਣਜਾਰਾ ਬੇਦੀ, ਡਾ: ਸੁਤਿੰਦਰ ਸਿੰਘ ਨੂਰ, ਡਾ: ਮੋਹਨਜੀਤ, ਡਾ: ਮਹੀਪ ਸਿੰਘ, ਡਾ: ਦੇਵੇਂਦਰ ਈਸਰ, ਨਰੇਂਦਰ ਮੋਹਨ, ਮਹਿੰਦਰ ਸਿੰਘ ਲੂਥਰਾ, ਗੁਰਮੁਖ ਸਿੰਘ ਜੀਤ, ਸਵਿੰਦਰ ਸਿੰਘ ਉੱਪਲ, ਬਚਿੰਤ ਕੌਰ ਤੇ ਹੋਰ ਵੀ ਕਿੰਨੇ ਸਾਰੇ ਬੁਲੰਦ ਕੱਦ ਲੇਖਕਾਂ ਨਾਲ ਮਿਲਾਇਆ। ਖੁਸ਼ਵੰਤ ਸਿੰਘ ਨਾਲ ਸਿਰਫ਼ ਟੈਲੀਫ਼ੋਨ ਤੇ ਹੀ ਗੱਲ ਹੋ ਸਕੀ ਤੇ ਉਹ ਉਸੇ ਰਾਤ ਵਿਦੇਸ਼ ਚਲਾ ਗਿਆ। ਡਾ: ਹਰਿਭਜਨ ਸਿੰਘ ਨੂੰ ਅਸੀਂ ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਡਾ: ਬੇਦੀ ਕੋਲ ਬੈਠਿਆਂ ਹੀ ਮਿਲ ਆਏ ਸਾਂ।

ਉਹਨੀਂ ਦਿਨੀਂ ਬਲਵੰਤ ਗਾਰਗੀ ਨੇ ਸਆਦਤ ਹਸਨ ਮੰਟੋ ਬਾਰੇ ਪੰਝਤਰਾਂ ਕੁ ਸਫ਼ਿਆਂ ਦਾ, ਰੇਖਾ-ਚਿੱਤਰ ਨੁਮਾ ਇਕ ਲੇਖ ਲਿਖਿਆ ਸੀ। ਜੋ ਉਹ "ਔਰਾਕ" ਦੇ ਸੰਪਾਦਕ ਡਾ: ਵਜ਼ੀਰ ਆਗਾ ਨੂੰ ਭੇਜਣਾ ਚਾਹੁੰਦਾ ਸੀ। ਜਿਸ ਸ਼ਾਮ ਗਾਰਗੀ ਨੇ ਸਾਨੂੰ ਉਹ ਲੇਖ ਦੇਣਾ ਸੀ ਉਸੇ ਸ਼ਾਮ ਰਜਿੰਦਰ ਸਿੰਘ ਬੇਦੀ ਅਤੇ ਹੋਰ ਕਈ ਹਸਤੀਆਂ ਦਿੱਲੀ 'ਚ ਆ ਪਧਾਰੀਆਂ। ਅਸੀਂ ਗਾਰਗੀ ਦੇ ਘਰ ਬੈਠੇ ਉਸ ਦੀ ਉਡੀਕ ਕਰ ਰਹੇ ਸਾਂ ਕਿ ਉਸ ਦਾ ਟੈਲੀਫ਼ੋਨ ਆ ਗਿਆ। ਰਿਸੀਵਰ ਆਤਮ ਨੇ ਚੁੱਕਿਆ। ਗਾਰਗੀ ਕਹਿ ਰਿਹਾ ਸੀ:

"ਮੈਂ ਇਸ ਵੇਲੇ ਕਾਫ਼ੀ ਦੂਰੋਂ ਬੋਲ ਰਿਹਾਂ। ਇਥੇ ਕੋਈ ਪਾਰਟੀ ਚੱਲ ਰਹੀ ਹੈ। ਬਹੁਤ ਸਾਰੇ ਦੋਸਤ ਮੌਜੂਦ ਹਨ ਸੋ ਰਾਤ ਕਾਫ਼ੀ ਹੋ ਜਾਏਗੀ ਪਰਤਦਿਆਂ। ਨਾਲੇ ਹੁਣੇ ਵੈਜਯੰਤੀ ਮਾਲਾ ਦਾ ਡਾਂਸ ਵੀ ਸ਼ੁਰੂ ਹੋਣ ਵਾਲੈ। ਸਵੇਰੇ ਮੈਂ ਬੇਦੀ ਨਾਲ ਭਾਪਾ ਪ੍ਰੀਤਮ ਸਿੰਘ ਕੋਲ ਹੀ ਬੈਠਾ ਰਿਹਾ ਸਾਂ। ਇਸੇ ਲਈ ਲੇਖ ਨੂੰ ਵੀ ਸੋਧ ਨਹੀਂ ਸਕਿਆ। ਫੇਰ ਕਦੇ ਭੇਜ ਦਿਆਂਗੇ— ਤੁਹਾਡੀ ਬਹੁਤ ਮਿਹਰਬਾਨੀ!"

ਉਸ ਤੋਂ ਅਗਲੇ ਦਿਨ ਅਸੀਂ ਡਾ: ਗੋਪੀ ਚੰਦ ਨਾਰੰਗ ਨੂੰ ਫ਼ੋਨ ਕੀਤਾ ਤਾਂ ਪਤਾ ਲਗਾ ਕਿ ਉਸੇ ਸ਼ਾਮ ਫ਼ਹਿਮੀਦਾ ਰਿਆਜ਼ ਦੀ ਬੇਟੀ 'ਰੇਵੀਤਾ' ਦਾ ਜਨਮ ਦਿਨ ਹੈ ਤੇ ਕਾਫ਼ੀ ਸਾਰੇ ਅਦੀਬ ਉਥੇ ਵੀ ਇਕਠੇ ਹੋ ਰਹੇ ਨੇ।

ਪਾਕਿਸਤਾਨ ਦੀ ਜਲਾਵਤਨ ਸ਼ਾਇਰਾ ਫ਼ਹਿਮੀਦਾ ਰਿਆਜ਼, ਰਾਜ ਕਮਲ ਪ੍ਰਕਾਸ਼ਨ ਵਲੋਂ "ਪਾਕਿਸਤਾਨ ਦੀ ਸੀਰੀਜ਼ ਅਧੀ ਛਪੀ ਆਪਣੀ ਪੁਸਤਕ "ਕਯਾ ਤੁਮ ਪੂਰਾ ਚਾਂਦ ਨਾ ਦੇਖੋਗੇ?" ਦੇ ਹਿੰਦੀ ਸੰਸਕਰਣ ਨਾਲ ਏਧਰਲੇ ਅਦਬੀ ਹਲਕਿਆਂ ਵਿਚ ਵੀ ਬੜੀ ਚਰਚਿਤ ਹੋ ਚੁਕੀ ਹੈ। ਕਮਰ ਜ਼ੈਦੀ ਨਾਲ ਉਸਦੀ ਪੁਰਾਣੀ ਦੋਸਤੀ ਸੀ। ਉਹ ਤਰੱਕੀ ਪਸੰਦ ਅਦਬੀ ਹਲਕਿਆਂ ਅਤੇ "ਹਲਕਾ-ਏ-ਰਬਾਬੇ-ਜ਼ੌਕ" ਦੀਆਂ ਨਸ਼ਿਸਤਾਂ ਵਿਚ ਇਕੱਠੇ ਕਾਰਜਸ਼ੀਲ ਰਹੇ ਸਨ। ਫ਼ਹਿਮੀਦਾ ਰਿਆਜ਼ ਵੀ ਨਵੀਂ ਦਿਲੀ ਵਿਚ ਨਾਰਾਇਣ ਵਿਹਾਰ ਵਿਖੇ ਹੀ ਰਹਿੰਦੀ ਹੈ—ਜਿਥੇ ਅਸੀਂ ਠਹਿਰੇ ਹੋਏ ਸਾਂ—ਰਜਿੰਦਰ ਕੌਰ ਹੁਰਾਂ ਦੇ ਘਰ ਦੇ ਬਿਲਕੁਲ ਨਜ਼ਦੀਕ।

ਸ਼ਾਮੀਂ ਸਾਡੇ ਪਹੁੰਚਣ 'ਤੇ ਪਾਰਟੀ ਚਲ ਰਹੀ ਸੀ। ਫ਼ਹਿਮੀਦਾ ਤੇ ਉਹਦੇ ਖਾਵੰਦ ਜ਼ਫ਼ਰ ਅਲੀ ਨੇ ਬੜੇ ਤਪਾਕ ਨਾਲ ਸਾਨੂੰ ਅੰਦਰ ਬਿਠਾਇਆ। ਜਿਥੇ ਉਰਦੂ ਦੇ ਜਾਣੇ ਮਾਣੇ ਅਦੀਬਾਂ ਚਿਤਰਕਾਰ ਅਫ਼ਸਾਨਾਨਿਗਾਰ ਕ੍ਰਿਸ਼ਨ ਚੰਦਰ ਦੀ ਬੀਵੀ ਸਲਮਾ ਸਦੀਕੀ ਬੈਠੀ ਕੁੰਵਰ ਸੈਨ ਨਾਲ ਗੱਲਬਾਤ ਕਰ ਰਹੀ ਸੀ। ਫ਼ਹਿਮੀਦਾ ਨੇ ਉਚੇਚੇ ਤੌਰ ਤੇ ਸਾਨੂੰ ਸਭ ਨਾਲ ਮਿਲਾਇਆ। ਉਸ ਸ਼ਾਮ ਸਾਨੂੰ ਉਮੀਦ ਸੀ ਕਿ ਰਜਿੰਦਰ ਸਿੰਘ ਬੇਦੀ ਉਥੇ ਜ਼ਰੂਰ ਪਹੁੰਚਣਗੇ ਪਰ ਬਾਅਦ ਵਿਚ ਪਤਾ ਲਗਾ ਕਿ ਉਹ ਅਚਾਨਕ ਤਬੀਅਤ ਖ਼ਰਾਬ ਹੋਣ ਕਾਰਣ ਸਵੇਰੇ ਹੀ ਬੰਬਈ ਲਈ ਉਡਾਣ ਭਰ ਗਏ ਸਨ। ਤੇ ਇਵੇਂ ਉਸ ਪਲ ਦੇ ਮੁੱਢੋਂ ਆਪਣੇ ਮਨਪਸੰਦ ਲੇਖਕ ਬੇਦੀ ਨੂੰ ਮਿਲਣ ਦੀ ਰੀਝ ਹੁਣ ਸਦਾ ਲਈ ਅਪੂਰਨ ਹੀ ਰਹਿ ਗਈ ਹੈ।

×



Sri Satguru Jagjit Singh Ji eLibrary NamdhariElibrary@gmail.com

# ਬਾਣੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ

ਦਹਦਿਸ ਛਤ੍ਰ ਮੇਘ ਘਟਾ ਘਟ
ਦਾਮਨਿ ਚਮਕਿ ਡਰਾਇਓ ॥

ਸੇਜ ਇਕੇਲੀ ਨੀਦ ਨਹੁ ਨੈਨਹ
ਪਿਰੁ ਪਰਦੇਸਿ ਸਿਧਾਇਓ
ਹੁਣਿ ਨਹੀਂ ਸੰਦੇਸਰੋ ਮਾਇਓ ॥

—o—

ਤੂ ਚਉ ਸਜਣ ਮੈਡਿਆ, ਡੇਈ ਸਿਸੁ ਉਤਾਰਿ
ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ

—o—

ਜਿਨਾ ਦਿਸੰਦੜਿਆ ਦੁਰਮਤਿ ਵੰਞੈ, ਮਿਤ੍ਰ ਅਸਾਡੜੇ ਸੇਈ
ਹਉ ਢੂਢੇਦੀ ਜਗੁ ਸਬਾਇਆ, ਜਨ ਨਾਨਕ ਵਿਰਲੇ ਕੇਈ

—o—

ਭਲੀ ਸੁਹਾਵੀ ਛਾਪਰੀ, ਜਾ ਮਹਿ ਗੁਨ ਗਾਏ
ਕਿਤਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ
੧ ॥ ਰਹਾਉ ॥

ਅਨਦੁ ਗਰੀਬੀ ਸਾਧ ਸੰਗਿ, ਜਿਤੁ ਪ੍ਰਭ ਚਿਤਿ ਆਏ
ਜਲਿ ਜਾਉ ਏਹੁ ਬਡਪਨਾ, ਮਾਇਆ ਲਪਟਾਏ

—o—

ਪਾਣੀ ਪਖਾ ਪੀਸੁ ਦਾਸ ਕੈ, ਤਬ ਹੋਹਿ ਨਿਹਾਲੁ
ਰਾਜ ਮਿਲਖ ਸਿਕਦਾਰੀਆ, ਅਗਨੀ ਮਹਿ ਜਾਲ
ਸੰਤ ਜਨਾ ਕਾ ਛੋਹਰਾ, ਤਿਸੁ ਚਰਣੀ ਲਾਗਿ
ਮਾਇਆਧਾਰੀ ਛਤ੍ਰਪਤਿ ਤਿਨ ਛੋਡਉ ਤਿਆਗਿ
॥ ੨ ॥ ਰਹਾਉ ॥

ਸੰਤਨ ਕਾ ਦਾਨਾ ਰੂਖਾ, ਸੋ ਸਰਬ ਨਿਧਾਨ
ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੁ ਸਮਾਨ ॥ ੨ ॥
ਭਗਤ ਜਨਾ ਕਾ ਲੂਗਰਾ, ਓਢਿ ਨਗਨ ਨ ਹੋਈ
ਸਾਕਤ ਸਿਰਪਾਉ ਰੇਸਮੀ, ਪਹਿਰਤ ਪਤਿ ਖੋਈ

—o—

ਤਿਸੁ ਗੁਰ ਕਉ ਸਿਮਰਉ ਸਾਸਿ ਸਾਸਿ
ਗੁਰੁ ਮੇਰੇ ਪ੍ਰਾਣ ਸਤਿਗੁਰੁ ਮੇਰੀ ਰਾਸਿ ॥ ੧ ॥ ਰਹਾਉ ॥

ਗੁਰ ਕਾ ਦਰਸਨੁ ਦੇਖਿ ਦੇਖਿ ਜੀਵਾ ॥
ਗੁਰ ਕੇ ਚਰਣ ਧੋਇ ਧੋਇ ਪੀਵਾ ॥ ੧ ॥

ਗੁਰ ਕੀ ਰੇਣੁ ਨਿਤ ਮਜਨੁ ਕਰਉ ॥
ਜਨਮ ਜਨਮ ਕੀ ਹਉਮੈ ਮਲੁ ਹਰਉ ॥ ੨ ॥

ਤਿਸੁ ਗੁਰ ਕਉ ਝੂਲਾਵਉ ਪਾਖਾ ॥
ਮਹਾ ਅਗਨਿ ਤੇ ਹਾਥੁ ਦੇ ਰਾਖਾ ॥ ੩ ॥

ਤਿਸੁ ਗੁਰ ਕੈ ਗ੍ਰਿਹਿ ਢੋਵਉ ਪਾਣੀ ॥
ਜਿਸੁ ਗੁਰ ਤੇ ਅਕਲ ਗਤਿ ਜਾਣੀ ॥ ੪ ॥

ਤਿਸੁ ਗੁਰ ਕੈ ਗ੍ਰਿਹਿ ਪੀਸਉ ਨੀਤ ॥
ਜਿਸੁ ਪਰਸਾਦਿ ਵੈਰੀ ਸਭ ਮੀਤ ॥ ੫ ॥

ਜਿਨਿ ਗੁਰਿ ਮੋ ਕਉ ਦੀਨਾ ਜੀਉ ॥
ਆਪੁਨਾ ਦਾਸਰਾ ਆਪੇ ਮੁਲਿ ਲੀਉ ॥ ੬ ॥

ਆਪੇ ਲਾਇਓ ਅਪਨਾ ਪਿਆਰੁ ॥
ਸਦਾ ਸਦਾ ਤਿਸੁ ਗੁਰ ਕਉ ਕਰੀ ਨਮਸਕਾਰੁ ॥ ੭ ॥

ਕਲਿ ਕਲੇਸ ਭੈ ਭ੍ਰਮ ਦੁਖ ਲਾਥਾ
ਕਹੁ ਨਾਨਕ ਮੇਰਾ ਗੁਰੁ ਸਮਰਾਥਾ ॥ ੮ ॥ ੯ ॥

—o—

ਰਾਜ ਮਿਲਕ ਜੋਬਨ ਗ੍ਰਿਹ ਸੋਭਾ ਰੂਪਵੰਤੁ ਜੋੁਆਨੀ
ਬਹੁਤੁ ਦਰਬੁ ਹਸਤੀ ਅਰੁ ਘੋੜੇ, ਲਾਲ ਲਾਖ ਬੈਆਨੀ
ਆਗੈ ਦਰਗਹਿ ਕਾਮਿ ਨ ਆਵੈ ਛੋਡਿ ਚਲੈ ਅਭਿਮਾਨੀ

—o—

ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥
ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ......


Sri Satguru Jagjit Singh Ji eLibrary NamdhariElibrary@gmail.com

THE TRADERS' BANK LTD.
COMPLETES

50

(1933–1983)

YEARS OF DEDICATED SERVICE TO THE NATION

WE PAY 0·25% MORE INTEREST ON SAVINGS
AND TERM DEPOSITS
UPTO 3 YEARS THAN OTHER SCHEDULED
COMMERCIAL BANKS

*Invest in our attractive deposit schemes
and grow with the growing Bank*

**Branches in : PUNJAB, HARYANA, U. P. & DELHI**

**THE TRADERS' BANK LTD.**

(Regd. & H O H-72. Connought Circus, New Delhi)

(Scheduled Bank)

S. PARKASH SINGH
General Manager

S. SHER SINGH SINDHU
Chairman


Sri Satguru Jagjit Singh Ji eLibrary NamdhariElibrary@gmail.com

# ਇਕ ਪੁਸਤਕ ਦੀ ਭੂਮਿਕਾ

ਮੈਨੂੰ ਬੜੀ ਖੁਸ਼ੀ ਹੋਈ ਹੈ ਕਿ 'ਅਕਾਲੀ ਮੋਰਚਿਆਂ ਦਾ ਇਤਿਹਾਸ' ਦੀ ਦੂਜੀ ਐਡੀਸ਼ਨ ਛਪ ਰਹੀ ਹੈ—ਅਤੇ ਛਪ ਰਹੀ ਹੈ ਪੂਰੇ ਪੰਜਾਂ ਸਾਲਾਂ ਦੇ ਵੱਧ ਸਮੇਂ ਤੋਂ ਪਿਛੋਂ। ਪੰਜਾਬੀ ਦੇ ਰਾਜ ਭਾਸ਼ਾ ਹੋਣ ਦੇ ਤਿੰਨ ਦਹਾਕਿਆਂ ਪਿਛੋਂ ਇਕ ਖੋਜ ਦੀ ਪੁਸਤਕ ਦੀ ਇਹ ਦੁਰਦਸ਼ਾ ਹੋਵੇ, ਪੰਜਾਬੀਆਂ ਲਈ ਜੇ ਸ਼ਰਮ ਦੀ ਨਹੀਂ ਤਾਂ ਅਫ਼ਸੋਸ ਦੀ ਗੱਲ ਜ਼ਰੂਰ ਹੈ। ਇਹੋ ਜਿਹੇ ਇਤਿਹਾਸ ਦੀ ਪੁਸਤਕ ਦੀ ਕੇਵਲ ਇਕ ਹਜ਼ਾਰ ਕਾਪੀ ਮਸਾਂ ਕੇ ਪੰਜਾਂ ਸਾਲਾਂ ਵਿਚ ਵਿਕ ਸਕੇ—ਕੀ ਕਿਸੇ ਇਤਿਹਾਸਕਾਰ ਨੂੰ ਉਤਸ਼ਾਹਤ ਕਰ ਸਕਦੀ ਹੈ ?

ਮੈਂ ਇਸ ਪੁਸਤਕ ਦੇ ਲਿਖਣ, ਸਾਮਗਰੀ ਇਕੱਠੀ ਕਰਨ, ਅਤੇ ਛਾਪਣ ਉਤੇ ਲਗਭਗ ਤਿੰਨ ਸਾਲ ਲਾਏ ਹਨ। ਸਾਰਾ ਕੁਝ ਨੈਸ਼ਨਲ ਆਰਕਾਈਵਜ਼ ਆਫ਼ ਇੰਡੀਆ ਦਿਲੀ ਵਿਚ ਖੋਜ ਲਈ ਜਾਂਦਾ ਰਿਹਾ। ਅਨੁਮਾਨ ਲਾਉਣਾ ਔਖਾ ਨਹੀਂ ਕਿ ਇਨ੍ਹਾਂ ਤਿੰਨਾਂ ਸਾਲਾਂ ਵਿਚ, ਦਿਲੀ ਜਿਹੇ ਮਹਿੰਗੇ ਸ਼ਹਿਰ ਵਿਚ ਰਿਹਾਇਸ਼ ਖਾਣਾ ਤੇ ਕਿਰਾਏ ਪਾ ਕੇ ਕਿੰਨਾ ਕੁ ਖਰਚ ਆਇਆ ਹੋਵੇਗਾ। ਜੇ ਮੇਰੀ ਪਾਰਟੀ ਇਹ ਖਰਚ ਨਾ ਉਠਾਉਂਦੀ ਤਾਂ ਇਸ ਇਤਿਹਾਸ ਦਾ ਲਿਖਿਆ ਜਾਣਾ ਅਸੰਭਵ ਸੀ। ਪ੍ਰਾਈਵੇਟ ਖੋਜ ਲਈ ਉਤਸ਼ਾਹ ਦੇਣ ਵਾਸਤੇ ਕੋਈ ਉਪਾਅ ਨਹੀਂ ਹਨ—ਹੋਣੇ ਚਾਹੀਦੇ ਹਨ।

ਮੈਨੂੰ ਉਤਸ਼ਾਹ ਮਿਲਿਆ ਕਿਉਂਕਿ ਪੰਜਾਬੀ ਲੇਖਕ ਸਭਾ ਜਲੰਧਰ ਨੇ ਇਸ ਦੀ ਕਦਰ ਪਾਈ। ਉਨ੍ਹਾਂ ਨੇ ਇਕ ਸਮਾਰੋਹ ਬੁਲਾ ਕੇ ਮੈਨੂੰ ਸੱਦਿਆ, ਮੇਰੇ ਵਿਚਾਰ ਸੁਣੇ ਅਤੇ ਸਵਾ ਸੌ ਰੁਪਏ ਦਾ ਪੁਰਸਕਾਰ ਦੇ ਕੇ ਪੁਸਤਕ ਦੀ ਸ਼ਲਾਘਾ ਕੀਤੀ। ਮੈਂ ਉਨ੍ਹਾਂ ਦਾ ਰਿਣੀ ਹਾਂ।

ਪਿਛਲੀ ਆਪਾਤ ਸਥਿਤੀ (੧੯੭੫-੭੬) ਦੇ ਦੌਰਾਨ ਅਕਾਲੀ ਲੀਡਰਾਂ ਨੂੰ ਫੜ ਫੜ ਜੇਲ੍ਹਾਂ ਵਿਚ ਡੱਕ ਦਿਤਾ ਗਿਆ। ਉਥੇ, ਵਿਹਲ ਕੱਟਣ ਲਈ, ਉਨ੍ਹਾਂ ਨੇ ਇਹ ਆਪਣਾ ਇਤਿਹਾਸ ਪੜ੍ਹਿਆ। ਬਾਹਰ ਆ ਕੇ ਉਨ੍ਹਾਂ ਨੇ ਮੈਨੂੰ ਇਸ ਇਤਿਹਾਸ ਦੇ ਲਿਖਣ ਉਤੇ ਪ੍ਰਸੰਸਾ ਦੇ ਸੁਨੇਹੇ ਭੇਜੇ—ਇਸ ਪ੍ਰਸੰਸਾ ਨਾਲ ਮੈਨੂੰ ਬੜਾ ਉਤਸ਼ਾਹ ਮਿਲਿਆ। ਚਲੋ ਕੁਝ ਤਾਂ ਹਨ ਜਿਨ੍ਹਾਂ ਨੇ ਇਹ ਪੁਸਤਕ ਪੜ੍ਹੀ ਹੈ ਤੇ ਇਸ ਦਾ ਮੁੱਲ ਪਾਇਆ ਹੈ। ਤੀਜੀ ਐਡੀਸ਼ਨ ਛਪੇਗੀ ਜਾਂ ਨਹੀਂ—ਮੈਂ ਨਹੀਂ ਕਹਿ ਸਕਦਾ—ਉਸ ਵੇਲੇ ਤਕ ਪੰਜਾਂ ਸਾਲਾਂ ਪਿਛੋਂ ਮੈਂ ਨਹੀਂ ਹੋਵਾਂਗਾ।

੧੫ ਕੋਟਲਾ ਮਾਰਗ
ਨਵੀਂ ਦਿਲੀ-੧੧੦੦੦੨

ਸੋਹਣ ਸਿੰਘ ਜੋਸ਼
੧੫ ਅਗਸਤ ੧੯੭੭

ਸ੍ਰੀ ਸੋਹਣ ਸਿੰਘ ਜੋਸ਼ ਜੀ ਜਿਹੜੇ ਸੰਨ ੧੯੮੨ ਨੂੰ ਸਾਥੋਂ ਸਦਾ ਲਈ ਵਿਛੜ ਗਏ ਸਨ।



Sri Satguru Jagjit Singh Ji eLibrary NamdhariElibrary@gmail.com

# ਚੌਗਿਰਦਾ

## ਮੋਦੀਆਂ ਦਾ ਮੁੰਡਾ ਨਸ਼ੀਲੀਆਂ ਵਸਤਾਂ ਵੇਚਦਾ ਕਾਬੂ

ਵਾਸ਼ਿੰਗਟਨ, ੧੯ ਮਈ (ਪੀ. ਟੀ. ਆਈ.)—ਮਸ਼ਹੂਰ ਮੋਦੀ ਉਦਯੋਗਕਾਰਾਂ ਦੇ ਉੱਚ ਘਰਾਣੇ ਦੇ ਇਕ ਮੈਂਬਰ ਲਲਿਤ ਮੋਦੀ ਨੂੰ ਨਸ਼ੀਲੀਆਂ ਦੁਆਈਆਂ ਦਾ ਕਾਲਾ ਧੰਦਾ ਕਰਨ ਅਤੇ ਮਾਰੂ ਹਥਿਆਰ ਰਖਣ ਦੇ ਦੋਸ਼ਾਂ ਅਧੀਨ ਅਮਰੀਕਾ ਵਿਚ ਉੱਤਰੀ ਕਾਰੋਲੀਨਾ ਵਿਚ ਗ੍ਰਿਫਤਾਰ ਕਰ ਲਿਆ ਗਿਆ।

ਮੋਦੀ, ਜਿਹੜਾ ਕਿ ਡਿਊਕ ਯੂਨੀਵਰਸਿਟੀ ਵਿਚ ਪੜ੍ਹ ਰਿਹਾ ਹੈ ਨੂੰ ਬਾਅਦ ਵਿਚ ੫੦ ਹਜ਼ਾਰ ਡਾਲਰ ਦੇ ਮੁਚਲਕੇ ਤੇ ਰਿਹਾ ਕਰ ਦਿਤਾ ਗਿਆ। ਪਰ ਉਸ ਦਾ ਪਾਸ-ਪੋਰਟ ਜ਼ਬਤ ਕਰ ਲਿਆ ਗਿਆ ਹੈ ਅਤੇ ਉਸ ਨੂੰ ਅਮਰੀਕਾ ਨਾ ਛਡਣ ਦੇ ਹੁਕਮ ਦਿਤੇ ਗਏ ਹਨ।

ਜੇਕਰ ਇਹ ਸਾਬਤ ਹੋ ਜਾਏ ਕਿ ਦੋਸ਼ੀ ਨੇ ਨਸ਼ੀਲੀਆਂ ਦੁਆਈਆਂ ਦੇ ਵਪਾਰ ਦਾ ਕਾਲਾ ਧੰਦਾ ਕੀਤਾ ਹੈ ਤਾਂ ਉਸ ਨੂੰ ਘੱਟੋ ਘੱਟ ੭ ਸਾਲਾਂ ਲਈ ਕੈਦ ਦੀ ਸਜ਼ਾ ਭੁਗਤਣੀ ਪਵੇਗੀ।

—:੦:—

## ਮੁੜ ਫੈਲ ਰਿਹਾ ਮਲੇਰੀਆ

ਲੰਡਨ, ੧੯ ਮਈ (ਪੀ. ਏ. ਐਸ-ਏ)—ਮਨੁਖਤਾ ਦਾ ਪੁਰਾਣਾ ਦੁਸ਼ਮਣ ਮਲੇਰੀਆ ਮੁੜ ਵਿਕਰਾਲ ਰੂਪ ਧਾਰਨ ਕਰਦਾ ਆ ਰਿਹਾ ਹੈ।

ਇਕ ਵਾਰੀ ਤਾਂ ਇਹ ਸਮਝਿਆ ਗਿਆ ਸੀ ਕਿ ਮਲੇਰੀਏ ਦਾ ਲਗਪਗ ਖ਼ਾਤਮਾ ਹੋਣ ਵਾਲਾ ਹੈ ਪਰ ਦਖਣ ਦੇ ਸਾਰੇ ਦੇਸ਼ਾਂ ਵਿਚ ੧.੯ ਖਰਬ ਲੋਕਾਂ ਨੂੰ ਮਲੇਰੀਏ ਦੀ ਬੀਮਾਰੀ ਦਾ ਖਤਰਾ ਪੇਸ਼ ਹੈ। ਦੱਖਣ ਦੇ ਦੇਸ਼ਾਂ ਵਿਚ ਲਗਭਗ ੪੦ ਕਰੋੜ ਲੋਕ ਇਸ ਬਿਮਾਰੀ ਤੋਂ ਪ੍ਰਭਾਵਤ ਹਨ।

ਮਲੇਰੀਆ ਫੈਲਾਉਣ ਵਾਲੇ ਮੱਛਰ ਡੀ. ਡੀ. ਟੀ. ਵਰਗੀਆਂ ਆਮ ਕੀੜੇਮਾਰ ਦਵਾਈਆਂ ਦੇ ਅਸਰ ਤੋਂ ਮੁਕਤ ਹੋ ਰਹੇ ਹਨ।

ਡੀ. ਡੀ. ਟੀ ਨਾਲੋਂ ੫ ਤੋਂ ਲੈ ਕੇ ੨੦ ਗੁਣਾ ਵਧ ਮਹਿੰਗੀਆਂ ਕੀੜੇ ਮਾਰ ਦਵਾਈਆਂ ਨੇ ਵਿਕਾਸਸ਼ੀਲ ਦੇਸ਼ਾਂ ਦੇ ਸਿਹਤ ਬਜਟਾਂ ਤੇ ਇਹ ਆਰਥਿਕ ਭਾਰ ਪਾ ਦਿਤਾ ਹੈ।

ਵਾਸ਼ਿੰਗਟਨ ਦੇ ਵਰਲਡ ਰਿਸੋਰਸਜ਼ ਇੰਸਟੀਚਿਊਟ ਵਲੋਂ ਕੀਤੀ ਗਈ ਇਕ ਖੋਜ ਅਨੁਸਾਰ ਮਲੇਰੀਆ ਫੈਲਾਉਣ ਵਾਲੇ ਐਨੋਫਲੀਜ਼ ਨਸਲ ਦੇ ੬੦ ਕਿਸਮ ਦੇ ਮੱਛਰਾਂ ਵਿਚੋਂ ੫੧ ਮਛਰਾਂ ਤੇ ਕੀੜੇ ਮਾਰ ਦੁਆਈਆਂ ਬਹੁਤ ਘਟ ਅਸਰ ਹੁੰਦਾ ਹੈ।

ਕੁਝ ਕੇਸਾਂ ਵਿਚ ਤਾਂ ਡੀ. ਡੀ. ਟੀ. ਦੇ ਛਿੜਕਾਓ ਦਾ ਸਪਸ਼ਟ ਤੌਰ ਤੇ ਕੋਈ ਅਸਰ ਨਹੀਂ।

ਇਸ ਗੱਲ ਨੇ ਮੱਛਰ ਮਾਰ ਮੁਹਿੰਮ ਨੂੰ ਕਾਫੀ ਮੁਸ਼ਕਲ ਬਣਾ ਦਿਤਾ।

—:੦:—

## ਸਮੱਸਿਆ ਦਾ ਇਕ ਹੱਲ ਇਹ ਵੀ...!

ਭਵਾਨੀਗੜ੍ਹ, ੧੯ ਮਈ—ਇਥੇ ਇਕ ਬੜੀ ਹੀ ਦਿਲਚਸਪ ਘਟਨਾ ਸਾਹਮਣੇ ਆਈ ਹੈ। ਜਿਸ ਤੋਂ ਪਤਾ ਲਗਦਾ ਹੈ ਕਿ ਸਰਕਾਰ ਦੀ ਰੇਜ਼ਗਾਰੀ ਦੀ ਸਮੱਸਿਆ ਤੋਂ ਵਪਾਰੀ ਕਿੰਨੇ ਦੁਖੀ ਹਨ। ਇਕ ਅਤੇ ਦੋ ਦੇ ਕਰੰਸੀ ਨੋਟ ਨਾ ਮਿਲਣ ਕਰਕੇ ਇਥੋਂ ਦੇ ਇਕ ਵਪਾਰੀ ਨੇ ਆਪਣਾ ਹੀ ਇਕ ਅਤੇ ਦੋ ਦਾ ਨੋਟ ਪ੍ਰਚਲਿਤ ਕੀਤਾ ਹੈ। ਇਹ ਇਕ ਗੱਤੇ ਦਾ ਆਇਤਕਾਰ ਕਟਿਆ ਹੋਇਆ ਸਾਫ ਟੁਕੜਾ ਹੈ। ਇਕ ਵਾਲੇ ਨੋਟ ਤੇ ਇਕ ਰੁਪਇਆ ਅਤੇ ਦੋ ਵਾਲੇ ਤੇ ਦੋ ਰੁਪਏ ਲਿਖਿਆ ਹੋਇਆ ਹੈ। ਥਲੇ ਕਿਸੇ ਵਿਅਕਤੀ ਦੇ ਦਸਤਖਤ ਵਾਂਗ ਕੁਝ ਹੈ ਜੋ ਉਨ੍ਹਾਂ ਦੀ ਪਹਿਚਾਨ ਹੈ। ਆਪਣੇ ਗ੍ਰਾਹਕ ਨੂੰ ਉਹ ਇਹੀ ਨੋਟ ਵਾਪਸ ਕਰਦਾ ਹੈ। ਗ੍ਰਾਹਕ ਇਨ੍ਹਾਂ ਨੂੰ ਇਕਠੇ ਕਰਕੇ ਚਾਹੇ ਤਾਂ ਸੌਦਾ ਖਰੀਦ ਸਕਦਾ ਹੈ, ਚਾਹੇ ਵਡਾ ਸਰਕਾਰੀ ਨੋਟ ਲੈ ਸਕਦਾ ਹੈ।

(ਅਜੀਤ)


Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ





## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਢੰਗ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

Phones : Office : 258411
" : 250345
Resi. : 213054

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.




Sri Satguru Jagjit Singh Ji eLibrary NamdhariElibrary@gmail.com

Registered No. NW/JL—253
MONTHLY WARIAM July 1985
Registered with the registrar of News Papers for India No. 26453/75


# Poonam Biscuits Private Ltd.

**Manufacturers**

**of**

**Quality Biscuits**

Office & Factory :

**E-23 M. I. D. C. Area**

**Chikalthana, Aurangabad-431210**

( Maharashtra )

Phone : 8626

Our Associates :

## Harbhajan Sarbjeet & Associates

ENGINEERS & CONTRACTORS

**H.O. : 72 Hazratganj Lucknow-226001**

**Phone : 52746**


ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ ।

Monthly WARIAM, Ladowali Road, Jalandhar-144001.

Sri Satguru Jagjit Singh Ji eLibrary NamdhariElibrary@gmail.com